ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 5 ਦਸੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੨੦ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੇਵਾ ਨਿਭਾ ਰਹੇ

# ਸੁਖਬੀਰ ਸਿੰਘ ਬਾਦਲ ’ਤੇ ਜਾਨਲੇਵਾ ਹਮਲਾ, ਹਮਲਾਵਰ ਕਾਬੂ

**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਮੁਲਜ਼ਮ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੇਵਾ ਨਿਭਾਅ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਜਾਨਲੇਵਾ ਹਮਲਾ ਕੀਤਾ ਗਿਆ। ਹਾਲਾਂਕਿ ਸੁਖਬੀਰ



ਸਿੰਘ ਬਾਦਲ ਦਾ ਵਾਲ-ਵਾਲ ਬਚਾਅ ਹੋ ਗਿਆ। ਅੰਮ੍ਰਿਤਸਰ ਦੇ ਵਿੱਚ ਹੋਈ ਘਟਨਾ ਨੂੰ ਲੈ ਕੇ ਹੁਣ ਅਕਾਲੀ ਲੀਡਰਾਂ ਦੇ ਵਿੱਚ ਰੋਸ ਵੇਖਣ ਨੂੰ ਮਿਲ ਰਿਹਾ। ਗੁਰਪ੍ਰੀਤ ਸਿੰਘ ਰਾਜੂ ਖੰਨਾ ਵੱਲੋਂ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਗਈ ਅਤੇ ਕੇਂਦਰ ਦੀ ਏਜੰਸੀਆਂ ਦੇ ਉੱਪਰ ਸਵਾਲ ਚੁੱਕੇ ਗਏ ਅਤੇ ਇਨ੍ਹਾਂ ਸਵਾਲਾਂ ਦੇ ਘੇਰੇ ਦੇ ਵਿੱਚ ਰਾਜੂ ਖੰਨਾ ਨੇ ਅਮਿਤ ਸ਼ਾਹ ਅਤੇ ਨਰਿੰਦਰ ਮੋਦੀ ਦਾ ਨਾਂ ਲੈਂਦਿਆਂ ਸਿੱਧਾ ਉਹਨਾਂ ਨੂੰ ਕਸੂਰਵਾਰ ਦੱਸਿਆ। ਉੱਥੇ ਹੀ ਉਨ੍ਹਾਂ ਨੇ ਅੰਮ੍ਰਿਤਸਰ ਪੁਲਿਸ ਨੂੰ ਸਵਾਲ ਪੁੱਛਦੇ ਆ ਕਿਹਾ ਕਿ ਕਮਿਸ਼ਨਰ ਅੰਮ੍ਰਿਤਸਰ ਖੁਦ ਨੂੰ ਸਾਬਾਸ਼ੀ ਦੇ ਰਹੇ ਹਨ ਕਿ ਸਾਡੇ ਪੁਲਿਸ ਅਧਿਕਾਰੀਆਂ ਨੇ ਇਹ ਘਟਨਾ ਨੂੰ ਅੰਜਾਮ ਨਹੀਂ ਦੇਣ ਦਿੱਤਾ ਪਰ ਜਿਹੜੇ ਏਐਸਆਈ ਦੇ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਬਚਾਇਆ ਗਿਆ ਹੈ ਉਹ ਏਐਸਆਈ ਪਿਛਲੇ 20 ਸਾਲਾਂ ਤੋਂ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਦੇ ਵਿੱਚ ਤੈਨਾਤ ਹੈ ਤਾਂ ਉਸਨੇ ਆਪਣੇ ਵੱਲੋਂ ਸੁਰੱਖਿਆ ਸੁਖਬੀਰ ਸਿੰਘ ਬਾਦਲ ਦੀ ਕੀਤੀ। ਉੱਥੇ ਕਿਤੇ ਵੀ ਕਮਿਸ਼ਨਰ ਦੇ ਕਹਿਣ ਮੁਤਾਬਿਕ 200 ਮੁਲਾਜ਼ਮ ਨਜ਼ਰ ਨਹੀਂ ਆਏ।

**ਸਾਬਕਾ ਸੀਐੱਮ ਕੈਪਟਨ ਅਮਰਿੰਦਰ ਨੇ ਸੁਖਬੀਰ ਬਾਦਲ ’ਤੇ ਹਮਲੇ ਦੀ ਕੀਤੀ ਨਿੰਦਾ :** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਹੋਏ ਕਾਤਲਾਨਾ ਹਮਲੇ ਦੀ ਨਿਖੇਧੀ ਕੀਤੀ ਹੈ। ਇੱਕ ਬਿਆਨ ਵਿੱਚ, ਕੈਪਟਨ ਅਮਰਿੰਦਰ ਨੇ ਰਾਹਤ ਜ਼ਾਹਰ ਕੀਤੀ ਕਿ ਬਾਦਲ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਗੋਲੀ ਨਹੀਂ ਲੱਗੀ ਅਤੇ ਨਾ ਹੀ ਕੋਈ ਨੁਕਸਾਨ ਹੋਇਆ। ਉਨ੍ਹਾਂ ਨੇ ਮੌਕੇ ’ਤੇ ਮੌਜੂਦ ਵਿਅਕਤੀ ਦੀ ਸ਼ਲਾਘਾ ਕੀਤੀ ਜਿਸ ਨੇ ਹਮਲਾਵਰ ਨੂੰ ਕਾਬੂ ਕਰ ਲਿਆ ਅਤੇ ਉਸਦੀ ਬਾਂਹ ਵੀ ਮੋੜ ਦਿੱਤੀ, ਜਿਸ ਕਾਰਨ ਗੋਲੀ ਬਾਦਲ ਨੂੰ ਲੱਗਣ ਤੋਂ ਰੋਕੀ ਗਈ। ਸਾਬਕਾ ਮੁੱਖ ਮੰਤਰੀ ਨੇ ਕਿਹਾ, ਬਾਦਲ ਨੇ ਅਕਾਲ ਤਖਤ ਤੋਂ ਭੁੱਲਾਂ ਬਖਸ਼ਹਾਇਆਂ ਸਨ ਅਤੇ ਉਸ ਨੂੰ ਸੁਣਾਈ ਗਈ ਤਨਖ਼ਾਹ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਹੀ ਭੁਗਤ ਰਹੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ’ਤੇ ਹਮਲਾ ਕਰਨ ਵਾਲਿਆਂ ਨੇ ਸਿੱਖ ਮਰਿਆਦਾ ਦੀ ਉਲੰਘਣਾ ਕੀਤੀ ਹੈ। ਕੈਪਟਨ ਅਮਰਿੰਦਰ ਨੇ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ 1980 ਅਤੇ 1990 ਦੇ ਦਹਾਕੇ ਦੌਰਾਨ ਬਹੁਤ ਨੁਕਸਾਨ ਝੱਲਿਆ ਹੈ ਅਤੇ ਇਹ ਇੱਕ ਹੋਰ ਕਾਲੇ ਦੌਰ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਉਨ੍ਹਾਂ ਲੋਕਾਂ ਨੂੰ ਉਨ੍ਹਾਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ, ਜੋ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

**ਸੀਐੱਮ ਭਗਵੰਤ ਮਾਨ ਨੇ ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ਦੀ ਕੀਤੀ ਨਿੰਦਾ :** ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ’ਤੇ ਪੰਜਾਬ ਦੇ ਸੀਐੱਮ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਅੱਜ ਇੱਕ ਵੱਡੀ ਵਾਰਦਾਤ ਹੋਣ ਤੋਂ ਰੋਕਿਆ। ਪੰਜਾਬ ਪੁਲਿਸ ਦੀ ਮੁਸਤੈਦੀ ਦਾ ਨਤੀਜਾ ਹੈ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਨਾਕਾਮ ਹੋਈ ਹੈ। ਪੁਲਿਸ ਨੇ ਆਪਣੀ ਮੁਸਤੈਦੀ ਨਾਲ ਮੌਕੇ ’ਤੇ ਹੀ ਹਮਲਾਵਰ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ। ਮੈਂ ਪੁਲਿਸ ਦੀ ਮੁਸਤੈਦੀ ਦੀ ਸ਼ਲਾਘਾ ਕਰਦਾ ਹਾਂ, ਸੁਖਬੀਰ ਬਾਦਲ ਜੀ ’ਤੇ ਹੋਏ ਹਮਲੇ ਦੀ ਮੈਂ ਸਖ਼ਤ ਨਿੰਦਾ ਕਰਦਾ ਹਾਂ। ਮੈਂ ਪੁਲਿਸ ਨੂੰ ਸਖ਼ਤ ਨਿਰਦੇਸ਼ ਜਾਰੀ ਕਰ ਦਿੱਤੇ ਨੇ ਕਿ ਇਸ ਘਟਨਾ ਦੀ ਤੁਰੰਤ ਜਾਂਚ ਕਰਕੇ ਰਿਪੋਰਟ ਸੌਂਪਣ।

## ਕੌਣ ਹੈ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਕਰਨ ਵਾਲਾ ਨਰਾਇਣ ਸਿੰਘ ਚੌੜਾ ? ਹਮਲੇ ਪਿੱਛੇ ਕੀ ਸੀ ਉਸਦੀ ਮੰਸ਼ਾ

**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰ ਸੁਖਬੀਰ ਸਿੰਘ ਬਾਦਲ ’ਤੇ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਗੋਲੀ ਚਲਾਉਣ ਵਾਲਾ ਬਜ਼ੁਰਗ ਵਿਅਕਤੀ ਦੱਸਿਆ ਜਾ ਰਿਹਾ ਹੈ। ਜਿਸ ਦੀ ਪਛਾਣ ਨਰਾਇਣ ਸਿੰਘ ਚੌੜਾ ਵਜੋਂ ਹੋਈ ਹੈ। ਜਿਸ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਦੱਸ ਦਈਏ ਕਿ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ਵੱਲੋਂ ਧਾਰਮਿਕ ਸਜ਼ਾ ਸੁਣਾਈ ਗਈ ਹੈ ਅਤੇ ਸਜ਼ਾ ਵਜੋਂ ਉਹ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੇਵਾ ਨਿਭਾਅ ਰਹੇ ਹਨ। ਉੱਥੇ ਹੀ ਜੇਕਰ ਗੋਲੀ ਚਲਾਉਣ ਵਾਲੇ ਨਰਾਇਣ ਸਿੰਘ ਚੌੜਾ ਦੀ ਗੱਲ ਕਰੀਏ ਤਾਂ ਇਸ ਸਬੰਧੀ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਉਸਦਾ ਅਪਰਾਧਿਕ ਪਿਛੋਕੜ ਹੈ। ਇਨ੍ਹਾਂ ਹੀ ਨਹੀਂ ਨਰਾਇਣ ਸਿੰਘ ਚੌੜਾ ਬੁੜੈਲ ਜੇਲ ਬ੍ਰੇਕ ਦਾ ਮੁੱਖ ਦੋਸ਼ੀ ਹੈ ਅਤੇ ਡੇਰਾ ਬਾਬਾ ਨਾਨਕ ਦੇ ਪਿੰਡ ਚੌੜਾ ਦਾ ਮੂਲਜ਼ਮ ਰਹਿਣ ਵਾਲਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਵੱਲੋਂ ਇਸ ਹਮਲੇ ਮਗਰੋਂ ਪੰਜਾਬ ਸਰਕਾਰ ’ਤੇ ਸਵਾਲ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ



ਦੀ ਕਾਨੂੰਨ ਵਿਵਸਥਾ ਫੇਲ ਸਾਬਿਤ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹਮਲਾਵਰ ਦਾ ਨਾਂ ਨਰਾਇਣ ਸਿੰਘ ਚੌੜਾ ਹੈ। ਜੋ ਕਿ ਡੇਰਾ ਬਾਬਾ ਨਾਨਕ ਮਾਰਕਿਟ ਕਮੇਟੀ ਚੇਅਰਮੈਨ ਨਰਿੰਦਰ ਸਿੰਘ ਚੌੜਾ ਦਾ ਭਰਾ ਹੈ। ਉਹ ਪਹਿਲੇ ਦਿਨ ਤੋਂ ਹੀ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਕਰਨ ਦੀ ਫਿਰਾਕ ’ਚ ਸੀ। ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ’ਤੇ ਸਾਨੂੰ ਕੋਈ ਵੀ ਭਰੋਸਾ ਨਹੀਂ ਹੈ। ਪੂਰੇ ਮਾਮਲੇ ਦੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ। ਸਾਡੀ ਲੀਡਰਸ਼ਿਪ ਨੂੰ ਖਤਮ ਕਰਨ ਦੀ ਸਾਜਿਸ਼ ਕੀਤੀ ਜਾ ਰਹੀ ਹੈ।

## ਸੁਖਬੀਰ ਤੋਂ ਸਿਰਫ ਤਿੰਨ ਕਦਮ ਦੂਰ ਸੀ ਹਮਲਾਵਰ, ਘਟਨਾ ਸਮੇਂ ਕੀ-ਕੀ ਹੋਇਆ ਤੇ ਕਿਸ ਨੇ ਬਚਾਈ ਜਾਨ

**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਬੁੱਧਵਾਰ ਸਵੇਰੇ ਸਮਾਂ 9.30 ’ਤੇ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਲੀ ਸਜ਼ਾ ਨਿਭਾਅ ਰਹੇ ਸੁਖਬੀਰ ਸਿੰਘ ਬਾਦਲ ’ਤੇ ਕਾਤਲਾਨਾ ਹਮਲਾ ਹੋਇਆ। ਇਹ ਹਮਲਾ ਉਦੋਂ ਹੋਇਆ ਜਦੋਂ ਸੁਖਬੀਰ ਬਾਦਲ ਸ੍ਰੀ ਦਰਬਾਰ ਸਾਹਿਬ ਦੀ ਦਰਸ਼ਨੀ ਡਿਓੜੀ ਵਿਖੇ ਸੇਵਾਦਾਰ ਦੀ ਡਿਊਟੀ ਨਿਭਾਅ ਰਹੇ ਸਨ। ਉਨ੍ਹਾਂ ਦੇ ਆਲੇ ਦੁਆਲੇ ਸੇਵਾਦਾਰ ਅਤੇ ਅੰਗ ਰੱਖਿਅਕ ਮੌਜੂਦ ਸਨ। ਸਾਰੀ ਸੰਗਤ ਸ੍ਰੀ ਦਰਬਾਰ ਸਾਹਿਬ ਜਾ ਰਹੀ ਸੀ, ਇਸ ਦੌਰਾਨ ਭੂਰੇ ਰੰਗ ਦੀ ਜੈਕੇਟ, ਮੂੰਗੀਆ ਪੈਂਟ ਅਤੇ ਨੀਲੀ ਪੱਗੜੀ ਧਾਰੀ ਅੱਧਖੜ ਉਮਰ ਦਾ ਸ਼ਖ਼ਸ ਉਥੇ ਆਇਆ। ਉਸ ਨੇ ਸੁਖਬੀਰ ਬਾਦਲ ਨੂੰ ਦੇਖਦੇ ਹੀ ਅਚਾਨਕ ਕਦਮ ਹੌਲੀ ਕਰ ਲਏ। ਹਮਲਾਵਰ ਸੁਖਬੀਰ ਤੋਂ ਸਿਰਫ ਤਿੰਨ ਕਦਮਾਂ ਦੀ ਦੂਰੀ ’ਤੇ ਸੀ। ਉਸ ਦੀ ਇਸ ਹਰਕਤ ’ਤੇ ਸਕਿਓਰਿਟੀ ਗਾਰਡ ਦੀ ਵੀ ਨਜ਼ਰ ਸੀ। ਅਚਾਨਕ ਉਸ ਨੇ ਜੇਬ੍ਹ ਵਿਚੋਂ ਪਿਸਤੌਲ ਕੱਢੀ ਅਤੇ ਸੁਖਬੀਰ ਬਾਦਲ ਵੱਲ ਕਰਕੇ ਗੋਲ਼ੀ ਚਲਾਉਣ ਦੀ ਕੋਸ਼ਿਸ਼ ਕੀਤੀ। ਇਕ ਸਕਿਓਰਿਟੀ ਗਾਰਡ ਨੇ ਫੁਰਤੀ ਨਾਲ ਉਸ ਦੇ ਹੱਥ ਨੂੰ ਉਪਰ ਕਰ ਦਿੱਤਾ। ਇਸ ਕਾਰਣ ਗੋਲ਼ੀ ਸੁਖਬੀਰ ਬਾਦਲ ਨੂੰ ਨਾ ਲੱਗ ਕੇ ਹਵਾ ਵਿਚ ਚੱਲ ਗਈ। ਹਮਲਾਵਰ ਨੇ ਇਕ ਹੋਰ ਗੋਲ਼ੀ ਚਲਾਈ ਉਹ ਵੀ ਹਵਾ ਵਿਚ ਚੱਲੀ। ਇਸ ਦੌਰਾਨ ਸੁਰੱਖਿਆ ਗਾਰਡਾਂ ਅਤੇ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਨੇ ਵੀ ਹਮਲਾਵਰ ਨੂੰ ਦਬੋਚ ਲਿਆ। ਇਸ ਗੋਲੀ ਕਾਂਡ ਨਾਲ ਭਾਜੜਾਂ ਪੈ ਗਈਆਂ। ਘਟਨਾ ਦੇਖ ਹੋਰ ਸੁਰੱਖਿਆ ਗਾਰਡਾਂ ਨੇ ਸੁਖਬੀਰ ਨੂੰ ਘੇਰੇ ਵਿਚ ਲੈ ਲਿਆ। ਗਾਰਡਾਂ ਨੇ ਹਾਲਾਤ ਨੂੰ ਕੰਟਰੋਲ ਕੀਤਾ ਅਤੇ ਸੁਖਬੀਰ ਨੂੰ ਸੁਰੱਖਿਅਤ ਸਥਾਨ ’ਤੇ ਪਹੁੰਚਾਇਆ। ਚੰਗੀ ਗੱਲ ਇਹ ਰਹੀ ਕਿ ਇਸ ਗੋਲੀਬਾਰੀ ਵਿਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

### ਕੌਣ ਹੈ ਜਿਸ ਨੇ ਵਾਰਦਾਤ ਕੀਤੀ ਨਾਕਾਮ

ਜਿਸ ਮੁਲਾਜ਼ਮ ਦੀ ਬਹਾਦਰੀ ਨਾਲ ਸੁਖਬੀਰ ਸਿੰਘ ਬਾਦਲ ਦੀ ਜਾਨ ਬਚੀ ਹੈ ਉਸ ਦਾ ਨਾਮ ਜਸਬੀਰ ਸਿੰਘ ਹੈ ਜਦਕਿ ਦੂਜੇ ਸਕਿਓਰਿਟੀ ਗਾਰਡ ਦਾ ਪਰਮਿੰਦਰ ਹੈ। ਜਸਬੀਰ ਨੇ ਪਹਿਲਾਂ ਹਮਲਾਵਰ ਨੂੰ ਦਬੋਚਿਆ ਅਤੇ ਫਿਰ ਪਰਮਿੰਦਰ ਨੇ ਉਸ ਦੇ ਮਨਸੂਬੇ ਨਾਕਾਮ ਕੀਤੇ। ਦੂਜੇ ਪਾਸੇ ਏ. ਡੀ. ਸੀ. ਪੀ. ਹਰਪਾਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਨਰਾਇਣ ਸਿੰਘ ਪਹਿਲਾਂ ਦਰਬਾਰ ਸਾਹਿਬ ਆਇਆ ਜਿਸ ਮਗਰੋਂ ਉਹ ਦਰਬਾਰ ਸਾਹਿਬ ਮੱਥ ਟੇਕਣ ਉਪਰੰਤ ਬਾਹਰ ਆ ਗਿਆ। ਪੁਲਸ ਦਾ ਬੰਦਾ ਪਹਿਲਾਂ ਹੀ ਉਸ ਦੇ ਨਜ਼ਰ ਰੱਖੀ ਬੈਠਾ ਸੀ, ਜਿਵੇਂ ਹੀ ਉਸ ਨੇ ਸੁਖਬੀਰ ਬਾਦਲ ਤੇ ਗੋਲ਼ੀ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਦਬੋਚ ਲਿਆ ਗਿਆ।

ਇਸ ਦੌਰਾਨ ਮਜੀਠੀਆ ਨੇ ਕਿਹਾ ਕਿ ਕੁਝ ਲੋਕ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੇ ਹਨ। ਜੇ ਹਰਿਮੰਦਰ ਸਾਹਿਬ ’ਤੇ ਹਮਲੇ ਹੋਣ ਲੱਗ ਪਏ ਤਾਂ 1984 ਤੇ 2024 ਵਿਚ ਫ਼ਰਕ ਕੀ ਰਹਿ ਗਿਆ ? ਉਨ੍ਹਾਂ ਕਿਹਾ ਕਿ ਪਲੱਸ ਸਿਕਿਓਰਿਟੀ ਵਾਲੇ ਬੰਦੇ ’ਤੇ ਇਸ ਤਰ੍ਹਾਂ ਹਮਲਾ ਹੋਣ ਨਾਲ ਇੰਟੈਲੀਜੈਂਸ ’ਤੇ ਵੀ ਸਵਾਲ ਖੜ੍ਹੇ ਹੁੰਦੇ ਹਨ। ਜਿਸ ਬੰਦੇ ਨੇ ਹਮਲਾ ਕੀਤਾ ਉਸ ਬਾਰੇ ਸਾਰੀ ਇੰਟੈਲੀਜੈਂਸ ਇਨਪੁੱਟ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਇਕ ਹੋਰ ਵਿਅਕਤੀ ਪਿਸਤੌਲ ਲੈ ਕੇ ਆਇਆ ਸੀ ਜਿਸ ਨੂੰ ਕਾਬੂ ਕੀਤਾ ਗਿਆ ਹੈ।

## ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ’ਤੇ ਬੋਲੀ ਨਰਾਇਣ ਸਿੰਘ ਚੌੜਾ ਦੀ ਪਤਨੀ, ਕਿਹਾ- ਉਸਦੇ ਪਤੀ ਨੇ ਸਹੀ ਨਹੀਂ ਕੀਤਾ

**ਡੇਰਾ ਬਾਬਾ ਨਾਨਕ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਬਾਦਲ ’ਤੇ ਹਮਲਾ ਕਰਨ ਵਾਲੇ ਦੋਸ਼ੀ ਨਰਾਇਣ ਸਿੰਘ ਚੌੜਾ ਦੀ ਪਤਨੀ ਜਸਮੀਤ ਕੌਰ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਉਸ ਦਾ ਪਤੀ ਨਰਾਇਣ ਸਿੰਘ ਕਰੀਬ ਸਵਾ ਛੇ ਵਜੇ ਘਰੋਂ ਨਿਕਲਿਆ ਸੀ। ਜੋ ਕੁਝ ਵੀ ਉਸਨੇ ਕੀਤਾ ਹੈ ਉਸ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੋਸ਼ੀ ਨਰਾਇਣ ਸਿੰਘ ਚੌੜਾ ਦੀ ਪਤਨੀ ਜਸਮੀਤ ਕੌਰ ਦਾ ਕਹਿਣਾ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਕੋਈ ਬਰਸੀ ਦਾ ਪ੍ਰੋਗਰਾਮ ਹੋਣ ਦੀ ਗੱਲ ਕਹਿ ਕੇ ਘਰ ਤੋਂ ਚੱਲੇ ਸੀ। ਜਿਸ ਵਿੱਚ ਉਹ ਸ਼ਾਮਲ ਹੋਣ ਜਾ ਰਹੇ ਹਨ। ਉਨ੍ਹਾਂ ਨੂੰ ਇਸ ਘਟਨਾ ਬਾਰੇ ਪਤਾ ਨਹੀਂ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਸ ਦਾ ਪਤੀ ਅੰਮ੍ਰਿਤਸਰ, ਗੁਰਦਾਸਪੁਰ, ਲੁਧਿਆਣਾ, ਚੰਡੀਗੜ੍ਹ ਦੀਆਂ ਜੇਲ੍ਹਾਂ ਵਿੱਚ ਸਜ਼ਾ ਕੱਟ ਚੁੱਕਾ ਹੈ। ਉਸ ਨੇ ਜੋ ਵੀ ਕੀਤਾ ਹੈ, ਉਹ ਬਿਲਕੁਲ



ਗਲਤ ਹੈ। ਅਜਿਹਾ ਕਦਮ ਕਿਨ੍ਹਾਂ ਹਾਲਾਤਾਂ ’ਚ ਚੁੱਕਿਆ ਗਿਆ, ਇਸ ਬਾਰੇ ’ਚ ਕੋਈ ਜਾਣਕਾਰੀ ਨਹੀਂ ਹੈ। ਦੂਜੇ ਪਾਸੇ ਡੇਰਾ ਬਾਬਾ ਨਾਨਕ ਥਾਣੇ ਦੇ ਸਬ-ਇੰਸਪੈਕਟਰ ਕੈਲਾਸ਼ ਸਿੰਘ ਨੇ ਦੱਸਿਆ ਕਿ ਉਹ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ਦੇ ਮਾਮਲੇ ’ਚ ਦੋਸ਼ੀ ਨਰਾਇਣ ਸਿੰਘ ਚੌਧਰੀ ਦੇ ਘਰ ਪਹੁੰਚੇ ਹਨ। ਜਿੱਥੇ ਸਿਰਫ਼ ਉਸ ਦੀ ਪਤਨੀ ਮੌਜੂਦ ਹੈ। ਘਰ ਵਿੱਚ ਹੋਰ ਕੋਈ ਨਹੀਂ ਹੈ। ਪਰਿਵਾਰਿਕ ਮੈਂਬਰਾਂ ਨਾਲ ਵੀ ਗੱਲਬਾਤ ਕੀਤੀ ਜਾਵੇਗੀ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਗਿਆਨੀ ਹਰਪ੍ਰੀਤ ਸਿੰਘ ਨੇ ਹਮਲੇ ਦੀ ਕੀਤੀ ਨਿਖੇਧੀ

ਸੁਖਬੀਰ ਸਿੰਘ ਬਾਦਲ ’ਤੇ ਸੇਵਾ ਦੌਰਾਨ ਹੋਏ ਹਮਲੇ ’ਤੇ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਵੀ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀ ਇਸ ਘਟਨਾ ਦੀ ਉਹ ਸਖਤ ਨਿਖੇਧੀ ਕਰਦੇ ਹਨ।



ਆਵਾਜ਼ਿ ਕੌਮ
AWAZE QAUM
International Newspaper & WEB TV

## ਇਹ ਸਿਰ.ਫ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਨਹੀਂ...: ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੁਖਬੀਰ ਸਿੰਘ ਬਾਦਲ ’ਤੇ ਜਾਨਲੇਵਾ ਹਮਲੇ ਨੂੰ ਲੈ ਕੇ ਕਿਹਾ ਕਿ ਇਹ ਪੰਜ ਸਿੰਘ ਸਾਹਿਬਾਨ ਵਲੋਂ ਸਜ਼ਾ ਭੁਗਤ ਰਹੇ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਨਹੀਂ ਹੈ, ਸਗੋਂ ਇਹ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਧਾਰਮਿਕ ਸਜ਼ਾ ਸੁਣਾਏ ਗਏ ਇੱਕ ਸੇਵਾਦਾਰ, ਜੋ ਕਿ ਸ੍ਰੀ ਦਰਬਾਰ ਸਾਹਿਬ ਦੀ



ਡਿਓਡੀ ਦੇ ਬਾਹਰ ਸੇਵਾ ਕਰ ਰਿਹਾ ਹੈ, ’ਤੇ ਹਮਲਾ ਹੈ, ਜਿਸ ਦੀ ਉਹ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਨ। ਉਨ੍ਹਾਂ ਨਾਲ ਹੀ ਪੰਜਾਬ ਨੂੰ ਤਾੜਨਾ ਕੀਤੀ ਕਿ ਇਸ ਘਟਨਾ ਦੀ ਮੁਸਤੈਦੀ ਤੇ ਬਾਰੀਕੀ ਨਾਲ ਜਾਂਚ ਕੀਤੀ ਜਾਵੇ।

## ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸੁਖਬੀਰ ਸਿੰਘ ਬਾਦਲ ’ਤੇ ਹੋਏ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਸੇਵਾ ਨਿਭਾਉਂਦਿਆਂ ਸ. ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ ’ਤੇ ਲੈਣਾ ਬੇਹੱਦ ਦੁਖਦਾਈ ਅਤੇ ਗ਼ੈਰ-ਇਖਲਾਕੀ ਕਰਵਾਈ ਹੈ। ਹਿੰਸਕ ਪ੍ਰਵਿਰਤੀ ਨਾਲ ਕੀਤਾ ਗਿਆ ਹਮਲਾ ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਆਭਾ ’ਤੇ ਵੀ ਹਮਲਾ ਕਿਹਾ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਪ੍ਰੰਪਰਾ ਰਹੀ ਹੈ ਕਿ ਉਹ ਕਿਸੇ ਵੀ ਪੰਥਕ ਅਵੱਗਿਆ ਦਾ ਨੋਟਿਸ ਲੈ ਕੇ ਧਾਰਮਿਕ ਸਜ਼ਾ ਦਾ ਆਦੇਸ਼ ਕਰਦਾ ਹੈ, ਜਿਸ ਨੂੰ ਨਿਮਾਣੇ ਸਿੱਖ ਵਾਂਗ ਮੰਨਣਾ ਹਰ ਇਕ ਸਿੱਖ ਦਾ ਫ਼ਰਜ਼ ਹੈ। ਅਜਿਹੀ ਹੀ ਪਾਲਣਾ ਆਪਣੀ ਧਾਰਮਿਕ ਤਨਖ਼ਾਹ ਪੂਰੀ ਕਰਨ ਦੌਰਾਨ ਸ. ਸੁਖਬੀਰ ਸਿੰਘ ਬਾਦਲ ਸਮਰਪਤ ਹੋ ਕੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸ. ਬਾਦਲ ’ਤੇ ਹਮਲਾ ਕਰਨਾ ਜਿਥੇ ਪੰਥ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਅਤੇ ਗ਼ੈਰ-ਮਨੁੱਖੀ ਹਰਕਤ ਹੈ, ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਸਿੱਧੇ ਤੌਰ ’ਤੇ ਤੌਹੀਨ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਬਾਦਲ ’ਤੇ ਹੋਇਆ ਇਹ ਹਮਲਾ ਪੰਜਾਬ ਸਰਕਾਰ ਅਤੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਅਤੇ ਪੰਜਾਬ ਦੇ ਅਮਨ ਕਾਨੂੰਨ ਦੇ ਹਾਲਾਤਾਂ ’ਤੇ ਵੀ ਵੱਡੇ ਸਵਾਲ ਪੈਦਾ ਕਰਦਾ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ੁੰਮੇਵਾਰੀ ਨਿਭਾਉਂਦਿਆਂ ਧਾਰਮਿਕ ਸੇਵਾ ਦੌਰਾਨ ਹਰ ਅਕਾਲੀ ਆਗੂ ਦੀ ਸੁਰੱਖਿਆ ਯਕੀਨੀ ਬਣਾਏ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ।12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ


| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net

ਅਤੀਓ ਸਬਦੁ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛੱਕੋ — Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ — Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

## Khehra VAISHNO DHABA

BREAKFAST
LUNCH
DINNER

**OUR SPECIALIZATION :** Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

## ਪੰਜਾਬੀ

## ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net


੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI


ਧੰਨ ਧੰਨ ਸ਼੍ਰੀ ਗੁਰੂ ਤੇਗ ਬਹਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ
ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ
ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ ਸਾਹਿਬ ਵਿਖੇ
ਮਿਤੀ 4 ਦਸੰਬਰ 2024 ਤੋਂ 6 ਦਸੰਬਰ 2024 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਉਚੇਚੇ ਤੌਰ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
4 ਦਸੰਬਰ 2024 ਦਿਨ ਬੁੱਧਵਾਰ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 10-00 ਵਜੇ
5 ਦਸੰਬਰ 2024 ਦਿਨ ਵੀਰਵਾਰ ਨਗਰ ਕੀਰਤਨ ਅਰੰਭ ਸਵੇਰੇ 8-00 ਵਜੇ
6 ਦਸੰਬਰ 2024 ਦਿਨ ਸ਼ੁੱਕਰਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਸਵੇਰੇ 9-00 ਵਜੇ
ਵਿਸ਼ੇਸ਼ ਬੇਨਤੀ
ਜਿਹਨਾਂ ਸੰਗਤਾਂ ਨੂੰ ਸਤਿਗੁਰ ਜੀ ਨੇ ਟਰੈਕਟਰ, ਟਰਾਲੀਆਂ, ਗੱਡੀਆਂ ਆਦਿ ਦੀ ਦਾਤ ਬਖ਼ਸ਼ੀ ਹੈ, ਉਹ ਨਗਰ ਕੀਰਤਨ ਵਿੱਚ ਆਪੋ ਆਪਣੇ ਸਾਧਨ ਲੈ ਕੇ ਸਮੂਲੀਅਤ ਕਰਨ ਜੀ।
ਨੋਟ : ਮੋਟਰਸਾਈਕਲ ਲੈ ਕੇ ਆਉਣ ਵਾਲੇ ਨੌਜਵਾਨ ਕਿਸੇ ਤਰ੍ਹਾਂ ਦੀ ਕਰਤਬ ਬਾਜੀ ਨਾ ਕਰਨ।
ਪ੍ਰੋਗਰਾਮ ਨਗਰ ਕੀਰਤਨ : ਮਿਤੀ 5 ਦਸੰਬਰ 2024, ਵੀਰਵਾਰ ਨੂੰ ਸਵੇਰੇ 8-00 ਵਜੇ ਗੁਰਦੁਆਰਾ ਧਮਤਾਨ ਸਾਹਿਬ ਤੋਂ ਅਰੰਭ ਹੋ ਕੇ ਲੋਨ, ਖਰਲ, ਪਿਪਲਥਾ, ਗੜ੍ਹੀ, ਦਾਤਾ ਸਿੰਘ ਵਾਲਾ, ਹੰਸਡੈਹਰ, ਢੰਢੋਲੀ, ਸ਼ੇਰਗੜ੍ਹ, ਖਨੌਰੀ, ਪਦਾਰਥ ਖੇੜਾ, ਰੇਵਰ, ਪਿਪਲਥਾ, ਢਾਬੀ ਟੇਕ ਸਿੰਘ ਅਤੇ ਰਸੀਦਾਂ ਹੁੰਦਾ ਹੋਇਆ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਪਹੁੰਚੇਗਾ। ਸਮਾਪਤੀ, ਗੁਰਦੁਆਰਾ ਧਮਤਾਨ ਸਾਹਿਬ ਵਿਖੇ ਸ਼ਾਮ 5-00 ਵਜੇ ਹੋਵੇਗੀ।
ਪ੍ਰੋਗਰਾਮ : 6 ਦਸੰਬਰ 2024 ਦਿਨ ਸ਼ੁੱਕਰਵਾਰ
ਸਵੇਰੇ 9-00 ਤੋਂ 10-00 ਵਜੇ ਤੱਕ
ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਜੱਥਾ
ਗੁ: ਧਮਤਾਨ ਸਾਹਿਬ
10-00 ਤੋਂ 10-30 ਵਜੇ ਤੱਕ
ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ
ਗੁ: ਧਮਤਾਨ ਸਾਹਿਬ
10-30 ਤੋਂ 11-00 ਵਜੇ ਤੱਕ
ਭਾਈ ਚਰਨਜੀਤ ਸਿੰਘ ਕਥਾਵਾਚਕ
ਗੁ: ਧਮਤਾਨ ਸਾਹਿਬ
11-00 ਤੋਂ 12-30 ਵਜੇ ਤੱਕ
ਭਾਈ ਗੁਰਮੀਤ ਸਿੰਘ ਕਵੀਸ਼ਰ
ਧਰਮ ਪ੍ਰਚਾਰ ਕਮੇਟੀ।
ਅੰਮ੍ਰਿਤ ਸੰਚਾਰ : 6 ਦਸੰਬਰ 2024, ਦਿਨ ਸ਼ੁਕਰਵਾਰ ਸਮਾਂ 12 ਵਜੇ
ਅੰਮ੍ਰਿਤ ਸੰਚਾਰ ਸੰਬੰਧੀ
1. ਅੰਮ੍ਰਿਤ ਸੰਚਾਰ ਗੁਰਦੁਆਰਾ ਧਮਤਾਨ ਸਾਹਿਬ ਵਿਖੇ 12-00 ਵਜੇ ਹੋਵੇਗਾ।
2. ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰ ਕੇ ਆਉਣ ਜੀ।
3. ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ।
ਸਮੂਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਮੈਨੇਜਰ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ (ਜੀਂਦ) ਹਰਿਆਣਾ
ਸੰਪਰਕ : ਭਾਈ ਹਰਵਿੰਦਰ ਸਿੰਘ ਦਨੌਲੀ (ਮੈਨੇਜਰ) 9991037375 ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ 9896166509 ਭਾਈ ਚਰਨਜੀਤ ਸਿੰਘ ਕਥਾਵਾਚਕ 9802947712 ਭਾਈ ਕਰਮਜੀਤ ਸਿੰਘ 7015967169 ਸ੍: ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ ਸਾਹਿਬਾਨ 9354100003


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**

# HAYES PLANT HIRE

WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All CATEGORIES OF **MACHINERY.**


Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

**CONTACT- 07831543004**

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

**07715128621**




# ਸਫਰ - ਏ - ਦਸ਼ਮੇਸ਼ ਸਮਾਗਮਾਂ ਦਾ ਮੁੱਖ ਮਕਸਦ ਨੌਜਵਾਨ ਪੀੜੀ ਨੂੰ ਗੁਰੂ ਇਤਿਹਾਸ ਨਾਲ ਜੋੜਨਾ : ਜਥੇਦਾਰ ਦਾਦੂਵਾਲ

## ਨੌਜਵਾਨ ਪੀੜੀ ਨੂੰ ਚਾਅ ਹੁੰਦਾ ਨਗਰ ਕੀਰਤਨ ਦੇ ਵਿੱਚ ਸੇਵਾ ਭਾਵ ਨਿਭਾਉਣ ਦਾ

**ਹਰਿਆਣਾ** ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਉਲੀਕੇ ਜਾ ਰਹੇ ਸਫਰ ਏ ਦਸਮੇਸ਼ ਧਾਰਮਿਕ ਸਮਾਗਮਾਂ ਦੀ ਸੰਗਤਾਂ ਵੱਲੋਂ ਚਾਰੇ ਪਾਸੇ ਸਲਾਘਾ ਕੀਤੀ ਜਾ ਰਹੀ ਹੈ ਕਿਉਂਕਿ ਇਤਿਹਾਸ ਵਿੱਚ ਪਹਿਲੀ ਵਾਰ ਹਰਿਆਣਾ ਕਮੇਟੀ ਵੱਲੋਂ ਇਸ ਤਰਾਂ ਦੇ ਪ੍ਰੋਗਰਾਮ ਉਲੀਕੇ ਜਾਂ ਰਹੇ ਹਨ । ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਇਨਾਂ ਪ੍ਰੋਗਰਾਮਾਂ ਦੀ ਅਗਵਾਈ ਕਰ ਰਹੇ ਹਨ । ਗੁਰਦੁਆਰਾ ਨਾਢਾ ਸਾਹਿਬ ਦੇ ਮੁੱਖ ਗ੍ਰੰਥੀ ਗਿ: ਜਗਜੀਤ ਸਿੰਘ ਜੀ ਨੇ ਸੰਗਤ ਨੂੰ ਪ੍ਰੇਰਣ ਦਾ ਵਧੀਆ ਉਪਰਾਲਾ ਕੀਤਾ ਹੈ । ਇਸ ਗੱਲ ਤੇ ਵੀ ਬੜਾ ਧਿਆਨ ਦੇਣਾ ਬਣਦਾ ਹੈ ਕਿ ਪ੍ਰੋਗਰਾਮ ਠੀਕ ਉਸੇ ਤਰ੍ਹਾਂ ਉਲੀਕੇ ਗਏ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਿਸੇ ਵੇਲੇ ਪਾਉਂਟਾ ਸਾਹਿਬ ਤੋਂ ਭੰਗਾਣੀ ਦਾ ਜੰਗ ਜਿੱਤ ਕੇ ਅਨੰਦਪੁਰ ਸਾਹਿਬ ਨੂੰ ਵਾਪਸ ਗਏ ਨੌਜਵਾਨ ਪੀੜੀ ਨੂੰ ਨਗਰ ਕੀਰਤਨ ਦੇ ਵਿੱਚ ਸੇਵਾ ਨਿਭਾਉਣ ਦਾ ਬਹੁਤ ਵੱਡਾ ਚਾਅ ਹੁੰਦਾ ਹੈ । ਨੌਜਵਾਨ ਪੀੜੀ ਨੂੰ ਗੁਰੂ ਇਤਿਹਾਸ ਨਾਲ ਜੋੜਨ ਦਾ ਇਹ ਵਧੀਆ ਉਪਰਾਲਾ ਹੈ । ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪਾਉਂਟਾ ਸਾਹਿਬ ਤੋਂ ਲੈ ਕੇ ਨਾਢਾ ਸਾਹਿਬ ਤੱਕ ਦੇ ਵਿਚਕਾਰਲੇ ਇਤਿਹਾਸਿਕ ਸਥਾਨਾਂ ਬਾਰੇ ਟਰਾਈ ਸਿਟੀ ਚੰਡੀਗੜ ਦੀਆਂ ਜਿਆਦਾਤਰ ਸੰਗਤਾਂ ਨੂੰ ਵੀ ਕੋਈ ਬਹੁਤੀ ਜਾਣਕਾਰੀ ਨਹੀਂ ਹੈ । ਖਾਸ ਕਰ ਬਹੁ ਗਿਣਤੀ ਸੰਗਤਾਂ ਨੂੰ ਗੁਰਦੁਆਰਾ ਟੋਕਾ ਸਾਹਿਬ, ਗੁਰਦੁਆਰਾ ਮਾਣਕ ਟਬਰਾ ਸਾਹਿਬ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਹੈ । ਸਫਰ ਏ ਦਸਮੇਸ਼ ਸਮਾਗਮ ਤੇ ਨਗਰ ਕੀਰਤਨ ਉਲੀਕਣ ਦਾ ਮੁੱਖ ਮਕਸਦ ਹੀ ਨੌਜਵਾਨ ਪੀੜੀ ਨੂੰ ਇਤਿਹਾਸ ਨਾਲ ਜੋੜਨਾ ਅਤੇ ਉਨਾਂ ਸੰਗਤਾਂ ਤੱਕ ਇਤਿਹਾਸ ਪਹੁੰਚਾਉਣਾ ਹੈ ਜਿਨਾਂ ਨੂੰ ਪਹਿਲਾਂ ਇਨਾਂ ਇਤਿਹਾਸਿਕ ਸਥਾਨਾ ਬਾਰੇ ਕੋਈ ਜਾਣਕਾਰੀ ਨਹੀਂ ਸੀ ਜਿਕਰਯੋਗ ਹੈ ਕੇ 30 ਨਵੰਬਰ ਤੋਂ ਲੈ ਕੇ 8 ਦਸੰਬਰ ਤੱਕ ਸਫਰ ਏ ਦਸ਼ਮੇਸ਼ ਪ੍ਰੋਗਰਾਮ ਸਮਾਗਮ ਗੁਰਦੁਆਰਾ ਪਾਉਂਟਾ ਸਾਹਿਬ ਤੋਂ ਲੈ ਕੇ ਗੁਰਦੁਆਰਾ ਨਾਢਾ ਸਾਹਿਬ ਤੱਕ ਦੇ ਵਿਚਕਾਰਲੇ ਸਥਾਨਾਂ ਤੇ ਉਲੀਕੇ ਗਏ ਹਨ । ਜਿਨਾਂ ਵਿੱਚੋਂ ਸਭ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ 30 ਨਵੰਬਰ 2024 ਨੂੰ ਸ਼ਾਮ 6 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ । ਇਸੇ ਤਰੀਕੇ ਨਾਲ 1 ਦਸੰਬਰ 2024 ਨੂੰ ਗੁਰਦੁਆਰਾ ਕਪਾਲ ਮੋਚਨ ਸਾਹਿਬ ਯਮੁਨਾਨਗਰ,2 ਦਸੰਬਰ 2024 ਨੂੰ ਗੁਰਦੁਆਰਾ ਟੋਕਾ ਸਾਹਿਬ ਨਰਾਇਣਗੜ,3 ਦਸੰਬਰ ਨੂੰ ਗੁਰਦੁਆਰਾ ਮਾਣਕ ਟਬਰਾ ਸਾਹਿਬ ਪੰਚਕੂਲਾ ਵਿਖੇ ਅਤੇ ਸਮਾਪਤੀ ਗੁਰਦੁਆਰਾ ਨਾਢਾ ਸਾਹਿਬ ਵਿਖੇ 8 ਦਸੰਬਰ ਨੂੰ ਹੋਵੇਗੀ । ਸਾਰੇ ਇਤਿਹਾਸਿਕ ਸਥਾਨਾਂ ਵਿਖੇ ਸ਼ਾਮ ਦੇ ਦੀਵਾਨਾਂ ਦਾ ਸਮਾਂ ਸ਼ਾਮ 6 ਤੋਂ 10 ਦਾ ਰੱਖਿਆ ਗਿਆ ਹੈ । ਸਾਰੇ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਕਥਾਵਾਚਕ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜ ਕੇ ਨਿਹਾਲ ਕਰਨਗੇ । ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਅਤੇ ਧਰਮ ਪ੍ਰਚਾਰ ਦੇ ਚੇਅਰਮੈਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੀ ਇਨਾਂ ਸਮਾਗਮਾਂ ਵਿੱਚ ਵੱਖ ਵੱਖ ਥਾਵਾਂ ਤੇ ਹਾਜ਼ਰੀ ਭਰਨਗੇ। ●●

ਆਵਾਜ਼ਿ ਕੌਮ AWAZE QAUM International Newspaper & WEB TV


ਅੰਮ੍ਰਿਤ ਛਕੋ
ਪਰਉਪਕਾਰੀ ਭਾਈ ਲੱਧਾ ਜੀ ਦੀ ਯਾਦ ਵਿੱਚ ਅਤੇ ਬ੍ਰਹਮ ਗਿਆਨੀ ਬਾਪੂ ਖੁਸ਼ਾ ਸਿੰਘ ਜੀ ਦੀ ਸਲਾਨਾ ਬਰਸੀ ਨੂੰ ਸਮਰਪਿਤ
ਅੰਮ੍ਰਿਤ ਛਕੋ
ਸਲਾਨਾ ਗੁਰਮਤਿ ਸਮਾਗਮ
ਬ੍ਰਹਮ ਗਿਆਨੀ ਬਾਬਾ ਖੁਸ਼ਾ ਸਿੰਘ ਜੀ (ਬਾਪੂ ਖੁਸ਼ਾ ਜੀ)
6 ਦਸੰਬਰ (21 ਮੱਘਰ) 2024 ਦਿਨ ਸ਼ੁਕਰਵਾਰ
ਸਮਾਂ : ਸਵੇਰੇ 10 ਵਜੇ
ਜਥੇਦਾਰ ਸ਼੍ਰੀ ਮਾਨ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ
ਗੁਰਵਿੰਦਰ ਸਿੰਘ ਲਹੌਰੀਏ ਦਾ ਕਵੀਸ਼ਰੀ ਜੱਥਾ
ਕਬੱਡੀ ਐਕਸ਼ਨ ਸਟਾਰ
ਛੋਟੇ ਸੁਪਰ ਸਟਾਰਾਂ ਦੀ ਕਬੱਡੀ ਸ਼ਾਮ:3:00 ਵਜੇ
ਮੋ: 94634-27380, 98777-07918,
ਆਵਾਜ਼ਿ ਕੌਮ AWAZE QAUM TV
ਲਾਈਵ ਪ੍ਰੋਗਰਾਮ ਸਾਰਾ ਦਿਨ ਚੱਲੇਗਾ
ਅਜੀਤ ਪੌਦ ਨਰਸਰੀ
ਜਾਰੀ ਕਰਤਾ: ਭਾਈ ਸਰਬਜੀਤ ਸਿੰਘ ਵੱਲੀਆਂ, ਜਿਲ੍ਹਾ ਪ੍ਰੈਸ ਸਕੱਤਰ, ਮੋ: 75278-45340


ਤੇਰੇ ਜਨ ਪਰਉਪਕਾਰੀ ਆਏ
ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ
100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ
51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ
ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ
ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।
ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473
ਵਿਸ਼ੇਸ਼ ਸਹਿਯੋਗ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਮਹੰਤ ਕਾਹਨ ਸਿੰਘ ਸੇਵਾਪੰਥੀ
ਸੰਤ ਰਣਜੀਤ ਸਿੰਘ ਸੇਵਾਪੰਥੀ
ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਨਗਰ ਜਨਸੂਆ ਅਤੇ ਹਲਕਾ ਨਿਵਾਸੀ ਸਾਧ ਸੰਗਤ ਵਲੋਂ
ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ
ਦੇ ਸ਼ਹੀਦੀ ਦਿਵਸ ਦੇ ਸਬੰਧ ਵਿੱਚ
ਮਹਾਨ ਗੁਰਮਤਿ ਸਮਾਗਮ
21-22 ਦਿਸੰਬਰ 2024
ਦਿਨ ਸ਼ਨੀਵਾਰ ਅਤੇ ਐਤਵਾਰ
ਨਗਰ ਜਨਸੂਆ
ਜਿਲਾ ਅੰਬਾਲਾ
ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤਕ
ਸਿੰਘ ਸਾਹਿਬ ਗਿ. ਰਘਬੀਰ ਸਿੰਘ ਜੀ
ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ HSGMC
ਸਿੰਘ ਸਾਹਿਬ ਗਿ. ਰਣਜੀਤ ਸਿੰਘ ਜੀ
ਗਿ. ਪ੍ਰੇਮ ਸਿੰਘ ਜੀ
ਭਾਈ ਦਵਿੰਦਰ ਸਿੰਘ ਜੀ
ਪਰਮਪ੍ਰੀਤ ਸਿੰਘ ਜੀ
ਭਾਈ ਲਖਵਿੰਦਰ ਸਿੰਘ ਜੀ
ਗਿ. ਸੁਖਜਿੰਦਰ ਸਿੰਘ ਨੂਰ
ਭਾਈ ਜਤਿੰਦਰ ਸਿੰਘ ਨੂਰਪੁਰੀ
ਭਾਈ ਮਨਪ੍ਰੀਤ ਸਿੰਘ ਜੀ
ਭਾਈ ਗੁਰਮੇਲ ਸਿੰਘ ਜੀ
ਸਹਿਯੋਗੀ : ਸੰਤ ਬਾਬਾ ਜਗੀਰ ਸਿੰਘ NRI ਸਭਾ ਹਰਿਆਣਾ U.S.A.
ਗੁਰੂ ਕਾ ਲੰਗਰ ਅਤੁਟ ਵਰਤੇਗਾ
ਬੇਨਤੀ ਕਰਤਾ : ਸਮੂਹ ਸਾਧ ਸੰਗਤ ਨਗਰ ਜਨਸੂਆ
ਸੰਪਰਕ : 0019178499091, 8814021313, 9988368750, 9416225173, 9416428340, 9416265690




ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਲੋਂ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਆਰੰਭ ਸ੍ਰੀ ਅਖੰਡ ਪਾਠ ਸਾਹਿਬ 04 ਦਸੰਬਰ 2024
ਭੋਗ ਸ੍ਰੀ ਅਖੰਡ ਪਾਠ ਸਾਹਿਬ 06 ਦਸੰਬਰ 2024 ਸਵੇਰੇ 10:00 ਵਜੇ
ਗੁਰਮਤਿ ਸਮਾਗਮ ਮਿਤੀ : 06 ਦਸੰਬਰ 2024, ਸ਼ੁਕਰਵਾਰ, ਸ਼ਾਮ 5:00 ਵਜੇ ਤੋਂ 8:30 ਵਜੇ ਤੱਕ
ਸਥਾਨ : ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੀਂਦ
ਗੁਰਮਤਿ ਸਮਾਗਮ ਵਿੱਚ ਪਹੁੰਚ ਰਹੇ ਕਥਾਵਾਚਕ, ਰਾਗੀ ਜੱਥੇ
ਭਾਈ ਹਰਜੀਤ ਸਿੰਘ ਜੀ ਹਰਮਨ
ਕਥਾਵਾਚਕ
ਭਾਈ ਗੁਰਸੇਵਕ ਸਿੰਘ ਜੀ ਰੰਗੀਲਾ
ਹਜੂਰੀ ਰਾਗੀ ਜੱਥਾ ਗੁ: ਦਾਦੂ ਸਾਹਿਬ
ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ
ਕੱਥਾ ਕੀਰਤਨ ਦੀਵਾਨ ਸਜਾਉਣਗੇ ਜੀ
ਬੀਬੀ ਪਰਮਿੰਦਰ ਕੌਰ ਜੀ, ਜੀਂਦ
ਅੰਤ੍ਰਿੰਗ ਮੈਂਬਰ, HSGMC
ਸ੍ਰ. ਅਜੈਬ ਸਿੰਘ ਜੀ, ਨਿਮਨਾਬਾਦ
ਮੈਂਬਰ, HSGMC
ਸ੍ਰ. ਸਤਿੰਦਰ ਸਿੰਘ ਜੀ, ਮੰਟਾ
ਮੈਂਬਰ, HSGMC
ਜਥੇਦਾਰ ਗੁਰਜਿੰਦਰ ਸਿੰਘ ਜੀ
ਜੀਂਦ
ਜਥੇ: ਭੁਪਿੰਦਰ ਸਿੰਘ ਜੀ ਅਸੰਧ
ਪ੍ਰਧਾਨ, HSGMC
ਦੂਰ ਵਸਦਿਆਂ ਸੰਗਤਾ ਦਾ ਆਉਣ ਜਾਣ ਦਾ ਪ੍ਰਬੰਧ ਗੁ: ਸਾਹਿਬ ਵਲੋਂ ਕੀਤਾ ਜਾਵੇਗਾ
ਗੁਰਮਤਿ ਸਮਾਗਮ ਵਿੱਚ ਪਰਿਵਾਰ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ
ਗੁਰੂ ਦਾ ਲੰਗਰ ਅਟੁੱਟ ਵਰਤੇਗਾ
ਬੇਨਤੀ ਕਰਤਾ: ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਜੀਂਦ 94680 09001




ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਅੱਜ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਜੀ

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸਮੇਂ ਦਿੱਲੀ ਗੁਰੂ ਸਾਹਿਬ ਨਾਲ ਤਿੰਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲ ਦਾਸ ਜੀ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਇਸ ਲਈ ਬੜੀ ਬੇਦਰਦੀ ਤੇ ਕਾਇਰਤਾ ਨਾਲ ਸ਼ਹੀਦ ਕੀਤਾ ਗਿਆ ਕਿ ਗੁਰੂ ਸਾਹਿਬ ਇਸ ਕਤਲੋਗਾਰਤ ਨੂੰ ਵੇਖ ਕੇ ਦਹਿਲ ਜਾਣ ਤੇ ਇਸਲਾਮ ਕਬੂਲ ਕਰ ਲੈਣ, ਜਿਸ ਨਾਲ ਔਰੰਗਜ਼ੇਬ ਦਾ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਜੋ ਮਿੱਥਿਆ ਹੋਇਆ ਟੀਚਾ ਸੀ, ਉਹ ਅਸਾਨੀ ਨਾਲ ਪੂਰਾ ਹੋ ਸਕੇ, ਪਰ ਸ਼ਾਇਦਇਹ ਇੰਨ੍ਹਾਂ ਸੋਖਾ ਕੰਮ ਨਹੀ ਸੀ। ਇੰਨ੍ਹਾਂ ਤਿੰਨ ਗੁਰਸਿੱਖਾਂ ਨੇ ਆਪਣੀ ਸ਼ਹੀਦੀ ਸਮੇਂ ਆਖਰੀ ਖਵਾਹਿਸ਼ ਇਹ ਦੱਸੀ ਕਿ ਸ਼ਹੀਦੀ ਸਮੇਂ ਸਾਡਾ ਮੂੰਹ ਗੁਰੂ ਤੇਗ ਬਹਾਦਰ ਜੀ ਵੱਲ ਰਹਿਣ ਦਿੱਤਾ ਜਾਵੇ ਤਾਂ ਜੋ ਅੰਤਲੇ ਸਵਾਸ ਗੁਰੂ ਸਾਹਿਬ ਦੇ ਦਰਸ਼ਨ ਹੁੰਦੇ ਰਹਿਣ।ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਜੀ ਦਾ ਜਨਮ ਪਿੰਡ ਕਰਿਆਲਾ ਜਿਲ੍ਹਾ ਜੇਹਲਮ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਹੀਰਾ ਨੰਦ ਸੀ, ਦਾਦਾ ਲੱਖੀ ਦਾਸ ਤੇ ਪੜਦਾਦਾ ਭਾਈ ਪਰਾਗਾ ਦਾਸ ਜੀ ਸਨ। ਇੰਨ੍ਹਾਂ ਤਿੰਨਾਂ ਗੁਰਸਿੱਖਾਂ ਦੇ ਵੱਡ-ਵਡੇਰੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਨਾਲ ਜੁੜੇ ਹੋਏ ਸਨ। ਭਾਈ ਪਰਾਗਾ ਦਾਸ ਜੀ ਗੁਰੂ ਹਰਿਗੋਬਿੰਦ ਸਾਹਬ ਜੀ ਦੀ ਫੋਜ ਵਿੱਚ ਭਰਤੀ ਸਨ। ਸਿੱਖ ਧਰਮ ਦੀ ਪਹਿਲੀ ਜੰਗ 1628 ਈ: ਵਿੱਚ ਹੋਈ ਸੀ। ਅੰਮ੍ਰਿਤਸਰ ਸ਼ਹਿਰ ਗੁਮਟਾਲਾ ਤੋਂ ਬਾਜ਼ ਤੋਂ ਸ਼ੁਰੂ ਹੋਈ ਲੜਾਈ ਪਿੰਡ ਚੱਬੇ ਦੇ ਮੈਦਾਨੇ-ਏ-ਜੰਗ ਗੁ. ਸ੍ਰੀ ਸੰਗਰਾਣਾ ਸਾਹਿਬ ਵਿੱਚ ਸਮਾਪਤ ਹੋਈ। ਇਸ ਲੜਾਈ ਵਿੱਚ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੇ ਪੜ੍ਹਦਾਦਾ ਭਾਈ ਪਰਾਗਾ ਦਾਸ ਜੀ ਮੁਗਲ ਕਮਾਂਡਰ ਮੁਖਲਿਸ ਖਾਨ ਨਾਲ ਲੜਦਿਆਂ ਸ਼ਹੀਦ ਹੋ ਗਏ ਸਨ।ਇਹਨਾਂ ਤਿੰਨਾਂ ਗੁਰਸਿੱਖਾਂ ਦੀ ਬੰਸ ਦਾ ਵੇਰਵਾ 'ਭੱਟ ਵਹੀ ਮੁਲਤਾਨੀ ਸਿੰਧੀ' ਵਿੱਚ ਇਉਂ ਅੰਕਿਤ ਹੈ:

**ਦਿਆਲ ਦਾਸ ਬੇਟਾ ਮਾਈ ਦਾਸ ਕਾ,ਪੋਤਾ ਬਾਲੂ ਕਾ,**
**ਪੜਪੋਤਾ ਮੂਲੇ ਕਾ, ਗੁਰੂ ਗੈਲ ਮੱਘਰ ਸੁਦੀ ਪੰਚਮੀ**
**ਸੰਬਤ 1732 ਦਿੱਲੀ ਚਾਂਦਨੀ ਚੌਂਕ ਕੇ ਮਹਾਨ, ਸ਼ਾਹੀ**
**ਹੁਕਮ ਗੈਲ ਮਾਰਾ ਗਯਾ। ਗੋਲੋ ਮਤੀ ਦਾਸ,**
**ਸਤੀ ਦਾਸ ਬੇਟੇ ਹਰਿ ਨੰਦ ਕੇ, ਪੋਤੇ ਲਖੀ ਦਾਸ ਕੇ**
**ਪੜਪੋਤੇ ਪਰਾਗਾ ਕੇ, ਬੰਸ ਗੋਤਮ ਕਾ, ਸਰਸਵਤੀ**
**ਭਾਗਵਤ ਗੋਤਰ ਬ੍ਰਾਹਮਣ ਛਿਬਰ ਮਾਰੇ ਗਏ।।**

ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਦੇ ਪਿਤਾ ਭਾਈ ਹੀਰਾ ਨੰਦ ਜੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਸੱਚੇ ਸਿੱਖ ਸ਼ਰਧਾਲੂ ਸਨ। ਸੰਨ 1657 ਈ: ਵਿੱਚ ਹੀਰਾ ਨੰਦ ਜੀ ਨੇ ਸਵਰਗਵਾਸ ਹੋਣ ਤੋਂ ਪਹਿਲਾਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਗੁਰੂ ਸਾਹਿਬ ਜੀ ਦੇ ਚਰਨੀਂ ਲਾਇਆ। ਗੁਰੂ ਹਰਿਰਾਏ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ 'ਦੀਵਾਨ' ਭਾਈ ਦੁਰਗਾ ਮੱਲ ਦੇ ਆਪ ਦੋਨੋਂ ਭਤੀਜੇ ਸਨ। ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਦੁਰਗਾ ਮੱਲ ਦੀ ਭਾਈ ਮਤੀ ਦਾਸ ਨੂੰ ਗੁਰੂ ਘਰ ਦਾ 'ਦੀਵਾਨ' ਤੇ ਸਤੀ ਦਾਸ ਨੂੰ 'ਵਜੀਰ' ਬਣਾਉਣ ਦੀ ਬੇਨਤੀ ਨੂੰ ਗੁਰੂ ਸਾਹਿਬ ਨੇ ਪ੍ਰਵਾਨ ਕੀਤਾ।

ਤੀਜੇ ਗੁਰਸਿੱਖ ਭਾਈ ਦਿਆਲ ਦਾਸ ਦਾ ਜਨਮ ਅਲੀਪੁਰ ਮੁਲਤਾਨ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਮਾਈ ਦਾਸ, ਦਾਦਾ ਭਾਈ ਬਾਲੂ ਜੀ ਤੇ ਪੜਦਾਦੇ ਦਾ ਨਾਂ ਭਾਈ ਮੂਲਾ ਸੀ। ਭਾਈ ਦਿਆਲ ਦਾਸ ਦੇ ਪੜ੍ਹਦਾਦਾ ਭਾਈ ਮੂਲਾ ਜੀ , ਭਾਈ ਮਤੀ ਦਾਸ ਤੇ ਸਤੀ ਦਾਸ ਦੇ ਪੜ੍ਹਦਾਦਾ ਭਾਈ ਪਰਾਗਾ ਜੀ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਵਿੱਚ ਭਰਤੀ ਸਨ ਤੇ ਇਹ ਵੀ ਪਹਿਲੀ ਜੰਗ ਸਮੇਂ ਪਿੰਡ ਚੱਬੇ ਵਿੱਚ ਸੰਗਰਾਣਾ ਸਾਹਿਬ ਵਿਖੇ ਸ਼ਹੀਦ ਹੋ ਗਏ ਸਨ।ਭਾਈ ਦਿਆਲ ਦਾਸ ਗਿਆਰਾਂ ਭਰਾ ਸਨ, ਜਿੰਨ੍ਹਾਂ ਦੇ ਨਾਂਅ ਹਨ: ਭਾਈ ਲਹਿਣਾ ਸਿੰਘ, ਭਾਈ ਹਠੀ ਚੰਦ, ਭਾਈ ਮੋਹਣ ਚੰਦ, ਭਾਈ ਦਾਨ ਸਿੰਘ, ਭਾਈ ਰਾਏ ਸਿੰਘ, ਭਾਈ ਮਾਨ ਸਿੰਘ, ਭਾਈ ਮਨੀ ਸਿੰਘ, ਭਾਈ ਜੇਠਾ ਸਿੰਘ, ਭਾਈ ਰੂਪ ਸਿੰਘ ਤੇ ਭਾਈ ਜਗਤ ਸਿੰਘ ਆਦਿ ਸਨ। ਜਦੋ ਭਾਈ ਦੁਰਗਾ ਮੱਲ ਦੇ ਕਹਿਣ ਤੇ 'ਦੀਵਾਨ' ਤੇ 'ਵਜ਼ੀਰ' ਦੀ ਸੇਵਾ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਨੂੰ ਮਿਲੀ ਤਾਂ ਉੱਥੇ ਨਾਲ ਹੀ 'ਘਰਬਾਰਗੀ' (ਗ੍ਰਹਿ ਮੰਤਰਾਲਾ)ਦੀ ਸੇਵਾ ਭਾਈ ਦਿਆਲ ਦਾਸ ਜੀ ਨੂੰ ਵੀ ਸੌਂਪੀ ਸੀ।ਸਮਾਂ ਆਪਣੀ ਚਾਲੇ ਚੱਲਦਾ ਗਿਆ।

ਪਾਪੀ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦੇ ਮਨਸੂਬੇ ਨਾਲ ਕਸ਼ਮੀਰ ਦੇ ਬ੍ਰਹਮਣਾਂ ਨੂੰ ਮੁਸਲਮਾਨ ਬਣਾਉਣ ਲਈ ਸ਼ੇਰ ਅਫਗਾਨ ਨੂੰ ਕਸ਼ਮੀਰ ਦਾ ਗਵਰਨਰ ਨਿਯੁਕਤ ਕੀਤਾ।ਜਦ ਸ਼ੇਰ ਅਫਗਾਨ ਨੇ ਕਸ਼ਮੀਰ ਦੇ ਪੰਡਿਤਾਂ ਨੂੰ ਹਰ ਹੀਲੇ ਮੁਸਲਮਾਨ ਬਣਨ ਲਈ ਮਜ਼ਬੂਰ ਕੀਤਾ ਤਾਂ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿੱਚ 25 ਮਈ 1675 ਈ: ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਪਹੁੰਚੇ। ਜਦ ਗੁਰੂ ਜੀ ਨੇ ਉਹਨਾਂ ਦੀ ਦਰਦ ਭਰੀ ਵਿਥਿਆ ਸੁਣੀ ਤਾਂ ਗੁਰੂ ਸਾਹਿਬ ਕਸ਼ਮੀਰੀ ਪੰਡਿਤਾਂ ਦੀ ਪੱਤ ਬਚਾਉਣ ਲਈ ਆਪਣਾ ਬਲੀਦਾਨ ਦੇਣ ਲਈ ਤਿਆਰ ਹੋ ਗਏ।ਅੰਤ 11 ਜੁਲਾਈ 1675 ਈ: ਨੂੰ ਗੁਰੂ ਸਾਹਿਬ ਆਪਣੇ ਤਿੰਨ ਗੁਰਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਜੀ ਸਮੇਤ ਦਿੱਲੀ ਵੱਲ ਤੁਰ ਪਏ। ਇੱਥੇ ਗੁਰੂ ਤੇਗ ਬਹਾਦਰ ਜੀ ਤੇ ਇਹਨਾਂ ਗੁਰੁਸਿੱਖਾਂ ਦੀ ਗ੍ਰਿਫਤਾਰੀ ਸੰਬੰਧੀ ਇਤਿਹਾਸਕਾਰ ਇੱਕਮਤ ਨਹੀ ਹਨ। 'ਭੱਟ ਵਹੀ ਪੂਰਬੀ ਦੱਖਣੀ' ਵਿੱਚ ਗ੍ਰਿਫਤਾਰੀ ਰੋਪੜ ਲਾਗਿਉਂ ਹੋਈ ਦੱਸਿਆ ਹੈ।




ਕਈ ਇਤਹਾਸਕਾਰਾਂ ਨੇ ਲਿੱਖਿਆਂ ਹੈ ਕਿ ਪੜਾਅ ਦਰ ਪੜਾਅ ਚੱਲ ਕੇ ਗੁਰੂ ਜੀ ਨੇ ਆਗਰੇ ਪਹੁੰਚ ਕੇ ਆਪਣੀ ਗ੍ਰਿਫਤਾਰੀ ਦਿੱਤੀ।ਇਸ ਤੋਂ ਇਲਾਵਾ 'ਕੋਇਰ ਸਿੰਘ' ਆਪਣੀ ਪੁਸਤਕ 'ਗੁਰਬਿਲਾਸ ਪਾਤਸ਼ਾਹੀ ਦਸ' (ਰਚਿਤ 1751 ਈ:), ਸਰੂਪ ਦਾਸ 'ਮਹਿਮਾ ਪ੍ਰਕਾਸ਼' ( 1776 ਈ:), ਬੀਰ ਸਿੰਘ ਬੱਲ 'ਸਿੰਘ ਸਾਗਰ' (1827 ਈ:) ਤੇ ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼ (1841 ਈ:), ਵਿੱਚ ਗ੍ਰਿਫਤਾਰੀ ਸੰਬੰਧੀ ਲਿੱਖਦੇ ਹਨ ਕਿ ਗੁਰੂ ਸਾਹਿਬ ਨੇ ਆਪਣੀ ਗ੍ਰਿਫਤਾਰੀ ਸਿੱਧੀ ਦਿੱਲੀ ਆਪ ਪਹੁੰਚ ਕੇ ਦਿੱਤੀ। ਔਰੰਗਜ਼ੇਬ ਦੇ ਹੁਕਮ ਤੇ ਗੁਰੂ ਤੇਗ ਬਹਾਦਰ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ। ਇੰਨ੍ਹਾਂ ਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ, ਜਾਂ ਕੋਈ ਕਰਾਮਾਤ ਦਿਖਾਉ ਜਾਂ ਮਰਨ ਲਈ ਤਿਆਰ ਹੋ ਜਾਉ ਤਾਂ ਗੁਰੂ ਸਾਹਿਬ ਜੀ ਨੇ ਪਹਿਲੀਆਂ ਦੋਵੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਤੀਜੀ ਸ਼ਰਤ ਕਬੂਲ ਕਰ ਲਈ।ਇਹਨਾਂ ਦੇ ਨਾਂਹ ਕਰਨ ਤੇ ਔਰੰਗਜ਼ੇਬ ਦੇ ਹੁਕਮ ਤੇ ਹੀਕਾਜ਼ੀ ਉਲ-ਕਜ਼ਾਤ ਅਬੂਲ ਵਹਾਰ ਸ਼ੇਰਾ ਨੇ ਤਿੰਨ ਗੁਰਸਿੱਖਾਂ ਨੂੰ ਕਤਲ ਕਰਨ ਦਾ ਫਤਵਾ ਸੁਣਾ ਦਿੱਤਾ। ਭਾਈ ਮਤੀ ਦਾਸ ਜੀ ਨੂੰ ਕਾਜ਼ੀ ਨੇ ਧੜ੍ਹ ਚਿਰਵਾਉਣ, ਮੌਤ ਜਾਂ ਧਰਮ ਬਦਲੀ ਵਿੱਚੋਂ ਮਨ ਇੱਛਤ ਚੋਣ ਕਰ ਲੈਣ ਲਈ ਕਿਹਾ ਤਾਂ ਭਾਈ ਸਾਹਬ ਨੇ ਕਿਹਾ ਕਿ:

**ਟੁਕੜੇ ਏਸ ਸਰੀਰ ਦੇ, ਕਰੋ ਜੇ ਲੱਖ ਕਰੋੜ।**
**ਤਾਂ ਭੀ ਧਰਮ ਨਾ ਛੋੜਸਾਂ, ਦੀਨ ਤੇਰਾ ਨਹੀ ਲੋੜ।**
**ਆਰਾ ਪਿਆਰਾ ਲਗਤ ਹੈ, ਕਾਰਾ ਕਰੋ ਬਣਾਏ।**
**ਸੀਸ ਜਾਏ ਤਾਂ ਜਾਣ ਦੇ, ਸਿੱਖੀ ਸਿਦਕ ਨਾ ਜਾਏ।**

ਸਭ ਤੋਂ ਪਹਿਲਾਂ ਭਾਈ ਮਤੀ ਦਾਸ ਨੂੰ ਲੱਕੜ ਦੇ ਦੋ ਫੱਟਿਆਂ ਵਿੱਚ ਕੱਸ ਕੇ ਆਰੇ ਨਾਲ ਚੀਰ ਕੇ ਬੜੀ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਫਿਰ ਦੂਜੀ ਵਾਰੀ ਭਾਈ ਦਿਆਲ ਦਾਸ ਜੀ ਨੂੰਉਬਲਦੀ ਦੇਗ ਵਿੱਚ ਬਿਠਾ ਕੇ ਸ਼ਹੀਦ ਕੀਤਾ ਗਿਆ।ਫਿਰ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਥੰਮ੍ਹ ਨਾਲ ਬੰਨ੍ਹ ਕੇ ਅੱਗ ਲਾ ਕੇ ਸਾੜਿਆ ਗਿਆ। ਤਿੰਨਾਂ ਗੁਰਸਿੱਖਾਂ ਨੇ ਧਰਮ ਦੀ ਖਾਤਰ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ ਤੇ ਸ਼ਹੀਦ ਦਾ ਰੁਤਬਾ ਹਾਸਿਲ ਕੀਤਾ। ਇਹ ਘਟਨਾ 10 ਨਵੰਬਰ 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਵਾਪਰੀ। ਉਸ ਤੋਂ ਅਗਲੇ ਦਿਨ 11 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਨੂੰ ਸੀਸ ਧੜ੍ਹ ਤੋਂ ਜ਼ੁਦਾ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀਆਂ ਹੀ ਮੁਗਲ ਸਾਮਰਾਜ ਦੇ ਖਾਤਮੇ ਦਾ ਕਾਰਨ ਬਣੀਆਂ।

**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

# 68ਵੀਆਂ ਸੂਬਾ ਪੱਧਰੀ ਖੇਡਾਂ ਗੱਤਕਾ ਤੇ ਬਠਿੰਡਾ ਦੇ ਲੜਕਿਆਂ ਦਾ ਕਬਜ਼ਾ

**ਤਲਵੰਡੀ ਸਾਬੋ 4 ਦਸੰਬਰ (ਗੁਰਜੰਟ ਸਿੰਘ ਨਥੇਹਾ)-** ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸ਼ਿਵ ਪਾਲ ਗੋਇਲ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸਿਕੰਦਰ ਸਿੰਘ ਬਰਾੜ ਦੇ ਦਿਸ਼ਾ ਨਿਰਦੇਸ਼ਾਂ ਹੇਠ 68ਵੀਆਂ ਸੂਬਾ ਪੱਧਰੀ ਖੇਡਾਂ ਗੱਤਕਾ ਵਿੱਚ ਨੰਨੇ-ਮੁੰਨੇ ਖਿਡਾਰੀਆਂ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ। ਜੇਤੂ ਖਿਡਾਰੀਆਂ ਨੂੰ ਇਨਾਮ ਦੇਣ ਦੀ ਰਸਮ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਅਤੇ ਬਾਬਾ ਸਰਬਜੀਤ ਸਿੰਘ ਪ੍ਰਧਾਨ ਗੱਤਕਾ ਦਲ ਕਲਕੱਤਾ ਵਲੋਂ ਕੀਤੀ ਗਈ। ਅੱਜ ਅੰਡਰ-14 ਮੁੰਡਿਆਂ ਦੇ ਹੋਏ ਮੁਕਾਬਲਿਆਂ ਵਿੱਚ ਵਿਅਕਤੀਗਤ ਪ੍ਰਦਰਸ਼ਨ ਵਿੱਚ ਰਾਜਵੀਰ ਸਿੰਘ ਲੁਧਿਆਣਾ ਨੇ ਪਹਿਲਾ, ਨਵਦੀਪ ਸਿੰਘ ਸ੍ਰੀ ਮੁਕਤਸਰ ਸਾਹਿਬ ਨੇ ਦੂਜਾ, ਟੀਮ ਡੋਮੋ ਵਿੱਚ ਬਠਿੰਡਾ ਨੇ ਪਹਿਲਾ, ਲੁਧਿਆਣਾ ਨੇ ਦੂਜਾ, ਹੁਸ਼ਿਆਰਪੁਰ ਨੇ ਤੀਜਾ, ਸਿੰਗਲ ਸੋਟੀ ਵਿਅਕਤੀਗਤ ਵਿੱਚ ਸੁਮਿੰਦਰਜੀਤ ਸਿੰਘ ਬਠਿੰਡਾ ਨੇ ਪਹਿਲਾ, ਸਰਤਾਜ ਸਿੰਘ ਤਰਨਤਾਰਨ ਨੇ ਦੂਜਾ, ਸਿੰਗਲ ਸੋਟੀ ਟੀਮ ਵਿੱਚ ਲੁਧਿਆਣਾ ਨੇ ਪਹਿਲਾ, ਬਠਿੰਡਾ ਨੇ ਦੂਜਾ, ਫਰੀ ਸੋਟੀ ਵਿਅਕਤੀਗਤ ਵਿੱਚ ਪਰਮਵੀਰ ਸਿੰਘ ਗੁਰਦਾਸਪੁਰ ਨੇ ਪਹਿਲਾ, ਅਭੀਜੋਤ ਸਿੰਘ ਸ੍ਰੀ ਤਰਨਤਾਰਨ ਸਾਹਿਬ ਨੇ ਦੂਜਾ, ਫਰੀ ਸੋਟੀ ਟੀਮ ਵਿੱਚ ਸ੍ਰੀ ਮੁਕਤਸਰ ਸਾਹਿਬ ਨੇ ਪਹਿਲਾ, ਹੁਸ਼ਿਆਰਪੁਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਓਵਰ ਆਲ ਟਰਾਫ਼ੀ ਉੱਪਰ ਬਠਿੰਡਾ ਨੇ ਕਬਜ਼ਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਅਮਨਪ੍ਰੀਤ ਸਿੰਘ, ਪ੍ਰਿੰਸੀਪਲ ਕਮਲਪ੍ਰੀਤ ਕੌਰ, ਡਾਕਟਰ ਰਵਨੀਤ ਸਿੰਘ, ਲੈਕਚਰਾਰ ਨਿਰਮਲ ਸਿੰਘ, ਲੈਕਚਰਾਰ ਕੁਲਵੀਰ ਸਿੰਘ, ਇਸ਼ਟਪਾਲ ਸਿੰਘ, ਗੁਰਿੰਦਰਪਾਲ ਸਿੰਘ, ਪੁਖਰਾਜ ਸਿੰਘ, ਸੁਰਿੰਦਰਪਾਲ ਸਿੰਘ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਜੰਟ ਸਿੰਘ ਚੱਠੇਵਾਲਾ ਅਤੇ ਭੁਪਿੰਦਰ ਸਿੰਘ ਤੱਗੜ ਹਾਜ਼ਰ ਸਨ।



ਜਨਮਦਿਨ 'ਤੇ ਵਿਸ਼ੇਸ਼

# ਭਾਈ ਵੀਰ ਸਿੰਘ : ਸ਼ਖ਼ਸੀਅਤ ਅਤੇ ਕਾਵਿ-ਰਚਨਾ

**ਡਾ. ਭਾਈ ਵੀਰ ਸਿੰਘ** ਆਧੁਨਿਕ ਕਾਲ ਦੇ ਵਿਖਿਆਤ ਪੰਜਾਬੀ ਕਵੀ ਅਤੇ ਯੁਗ-ਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਭਾਰਤ ਦੇ ਪ੍ਰਸਿੱਧ ਦਾਰਸ਼ਿਨਕ ਡਾ. ਰਾਧਾਕ੍ਰਿਸ਼ਨਨ ਨੇ ਭਾਰਤ ਦੀ ਸਨਾਤਨੀ ਵਿਦਵਤਾ ਦੇ ਪ੍ਰਤੀਨਿਧ ਕਿਹਾ ਹੈ। ਡਾ. ਮੁਲਕ ਰਾਜ ਆਨੰਦ ਨੇ ਭਾਈ ਸਾਹਿਬ ਲਈ ਸਿਰਜਣਾਤਮਕ ਵੇਗ ਨੂੰ ਜੀਵਨ ਅਤੇ ਵਿਸ਼ਵ ਦੇ ਸੰਤੁਲਨ ਦਾ ਆਧਾਰ ਮੰਨਣ ਵਾਲੇ ਵਿਅਕਤੀ ਦੀ ਸੰਗਿਆ ਦੀ ਵਰਤੋਂ ਕੀਤੀ ਹੈ। ਹਰਿੰਦਰ ਨਾਥ ਚਟੋਪਾਧਿਆਇ ਨੇ ਭਾਈ ਸਾਹਿਬ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ ਦੀ ਉਪਾਧੀ ਦਿੱਤੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬੀ ਸਾਹਿਤ ਅਤੇ ਸੰਸਕ੍ਰਿਤੀ ਦੇ ਸੰਦਰਭ ਵਿਚ ਨਿਭਾਈ ਗਈ ਆਪ ਦੀ ਭੂਮਿਕਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਆਪ ਸਿੱਖ ਨਵ-ਚੇਤਨਤਾ ਦੇ ਅਜਿਹੇ ਸਤੰਭ ਸਨ, ਜਿਨ੍ਹਾਂ ਨੇ ਆਪਣੇ ਜੀਵਨ, ਕਵਿਤਾ, ਗਲਪ ਅਤੇ ਗੱਦ ਰਾਹੀਂ ਅਨੇਕਾਂ ਜਿੰਦੜੀਆਂ ਨੂੰ ਜੀਵਨ-ਛੁਹ ਲਾ ਕੇ ਉਤਸ਼ਾਹਿਤ ਕੀਤਾ ਅਤੇ ਪੰਜਾਬੀ ਸਾਹਿਤ ਵਿਚ ਅਭਿਵਿਅਕਤੀ ਦੇ ਨਵੀਨ ਧਰਾਤਲ ਸਿਰਜੇ। ਭਾਈ ਵੀਰ ਸਿੰਘ-ਕਾਵਿ ਦੇ ਵਿਵੇਚਨ-ਵਿਸ਼ਲੇਸ਼ਣ ਤੋਂ ਪਹਿਲਾਂ ਆਪ ਦੇ ਵਿਅਕਤਿਤਵ ਦੀ ਸੰਖਿਪਤ ਰੂਪ-ਰੇਖਾ ਬਾਰੇ ਜਾਣ ਲੈਣਾ ਪਰਮ-ਆਵੱਸ਼ਕ ਹੈ ਕਿਉਂਕਿ ਕਾਵਿ ਵਿਚ ਕਿਸੇ ਕਵੀ ਦਾ ਸੰਪੂਰਣ ਵਿਅਕਤਿਤਵ ਅਭਿਵਿਅਕਤ ਹੁੰਦਾ ਹੈ। ਕਿਸੇ ਕਵੀ ਦੀ ਆਲੋਚਨਾ ਕਰਨ ਵਿਚ ਉਸ ਦੀ ਰਚਨਾ ਦੀ ਆਲੋਚਨਾ ਤਾਂ ਮਹੱਤਵਪੂਰਨ ਹੈ ਹੀ, ਉਸ ਦੀ ਬੁੱਧੀ-ਪ੍ਰਕ੍ਰਿਆ, ਉਸ ਦੇ ਉਪਕਰਣ ਅਤੇ ਉਸ ਦੇ ਪੂਰੇ ਵਿਅਕਤਿਤਵ ਉਤੇ ਪ੍ਰਕਾਸ਼ ਪਾਉਣਾ ਵੀ ਜ਼ਰੂਰੀ ਹੈ। ਭਾਈ ਸਾਹਿਬ ਦੇ ਜੀਵਨ ਅਤੇ ਵਿਅਕਤਿਤਵ ਬਾਰੇ ਬਹੁਤ ਸਾਰੀਆਂ ਪੁਸਤਕਾਂ ਮਿਲਦੀਆਂ ਹਨ ਪਰ ਲੇਖਕ ਨੇ ਡਾ. ਬਲਬੀਰ ਸਿੰਘ ਰਚਿਤ 'ਸ੍ਰੀ ਚਰਣ ਹਰਿ ਵਿਸਥਾਰ', 'ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ' (ਅਭਿਨੰਦਨ ਗ੍ਰੰਥ ਕਮੇਟੀ, ਨਵੀਂ ਦਿੱਲੀ), 'ਭਾਈ ਵੀਰ ਸਿੰਘ ਸਿਮ੍ਰਿਤੀ ਗ੍ਰੰਥ' (ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ) ਅਤੇ 'ਭਾਈ ਵੀਰ ਸਿੰਘ : ਜੀਵਨ, ਸਮਾਂ ਤੇ ਰਚਨਾ' (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਹਰਨਾਮ ਸਿੰਘ ਸ਼ਾਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਨੂੰ ਆਧਾਰ-ਪੁਸਤਕਾਂ ਦੇ ਤੌਰ ਤੇ ਵਰਤਿਆ ਹੈ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਦਿਨ ਵੀਰਵਾਰ ਨੂੰ ਅੰਮ੍ਰਿਤਸਰ ਸ਼ਹਿਰ ਦੇ ਕਟੜਾ ਗਰਬਾ ਸਿੰਘ ਵਿਚ ਡਾ. ਚਰਨ ਸਿੰਘ ਦੇ ਘਰ ਹੋਇਆ। ਆਪਣੇ ਜਨਮ ਕਰਕੇ ਹੀ ਭਾਈ ਸਾਹਿਬ ਨੂੰ ਪੰਜਾਬ ਦੇ ਪੂਰਵ-ਅੰਗ੍ਰੇਜ਼ੀ ਕਾਲ ਅਤੇ ਅੰਗ੍ਰੇਜ਼ੀ ਆਧੁਨਿਕ ਕਾਲ ਵਿਚ ਇਕ ਸੰਧੀਕਾਰੀ ਕੜੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਭਾਈ ਸਾਹਿਬ ਨੂੰ ਆਪਣੇ


ਆਵਾਜ਼ਿ ਕੌਮ AWAZE QAUM International Newspaper & WEB TV

ਪਰਿਵਾਰ ਦੀ ਇਤਿਹਾਸਕ ਅਤੇ ਗੌਰਵਮਈ ਪਰੰਪਰਾ ਦਾ ਅਨੁਭਵ ਮੁੱਢ ਤੋਂ ਹੀ ਸੀ। ਅਜਬ ਨਹੀਂ ਕਿ ਇਸ ਅਨੁਭਵ ਨੇ ਹੀ ਉਨ੍ਹਾਂ ਨੂੰ ਪੰਜਾਬੀ ਦਾ ਆਧੁਨਿਕ ਜਾਗ੍ਰਿਤੀ ਦਾ ਨੇਤਾ ਬਣਾਇਆ ਹੋਵੇ। ਆਪ ਦੀ ਵੰਸ਼ ਪਰੰਪਰਾ ਦਾ ਪਿਛੋਕੜ ਦੀਵਾਨ ਕੌੜਾ ਮੱਲ ਨਾਲ ਜਾ ਮਿਲਦਾ ਹੈ, ਜੋ ਅਠਾਰ੍ਹਵੀਂ ਸ਼ਤਾਬਦੀ ਦੇ ਪਹਿਲੇ ਅੱਧ ਵਿਚ ਇਕ ਸਿਪਾਹੀ ਦੀ ਹੈਸੀਅਤ ਤੋਂ ਉਨਤੀ ਕਰਕੇ 1747 ਈ. ਵਿਚ ਲਾਹੌਰ ਦੇ ਦੀਵਾਨ ਅਤੇ 1750 ਈ. ਵਿਚ ਮੁਲਤਾਨ ਦੇ ਹਾਕਮ ਬਣੇ ਸਨ। ਦੀਵਾਨ ਸਾਹਿਬ ਨੇ ਸਿੱਖਾਂ ਤੇ ਹੋਰ ਰਹੇ ਮੁਗ਼ਲਾਂ ਵੱਲੋਂ ਜ਼ਬਰ ਨੂੰ ਘਟਾਉਣ ਵਿਚ ਬੜਾ ਹਿੱਸਾ ਪਾਇਆ ਸੀ ਅਤੇ ਇਸ ਹਾਰਦਿਕ ਹਮਦਰਦੀ ਕਾਰਨ ਸਿੰਘਾਂ ਨੇ ਉਨ੍ਹਾਂ ਦਾ ਨਾਮ ਕੌੜਾ ਮੱਲ ਦੀ ਥਾਂ 'ਮਿੱਠਾ ਮੱਲ' ਧਰਿਆ ਹੋਇਆ ਸੀ। ਦੀਵਾਨ ਕੌੜਾ ਮੱਲ ਦੇ ਸਪੁੱਤਰ ਦੀਵਾਨ ਹਰੀ ਸਿੰਘ, ਦੀਵਾਨ ਤੋਖਾ ਰਾਮ ਅਤੇ ਪੋਤਰਾ ਦੀਵਾਨ ਸਾਵਣ ਮੱਲ ਵੀ ਸਤਿਕਾਰਯੋਗ ਹਸਤੀਆਂ ਸਨ। ਦੀਵਾਨ ਸਾਵਣ ਮੱਲ ਦੇ ਸਪੁੱਤਰ ਹੀਰਾ ਚੰਦ, ਫਤਹਿ ਚੰਦ, ਥਾਰਿਆ ਮੱਲ ਅਤੇ ਪੋਤਰਾ ਰਾਮ ਚੰਦ 'ਚੌਧਰੀ' ਦੇ ਲਕਬ ਨਾਲ ਪ੍ਰਸਿੱਧ ਹੋਏ। ਚੌਧਰੀ ਰਾਮ ਚੰਦ ਦੇ ਸਪੁੱਤਰ ਬਾਬਾ ਕਾਹਨ ਸਿੰਘ ਜੀ ਸਨ, ਜੋ ਇਕ ਤਪੱਸਵੀ, ਵਿਰਕਤ ਅਤੇ ਪ੍ਰਵੀਣ ਬੁੱਧੀਮਾਨ ਵਿਅਕਤੀ ਸਨ। ਆਪ ਭਾਈ ਵੀਰ ਸਿੰਘ ਦੇ ਦਾਦਾ ਅਤੇ ਡਾ. ਚਰਨ ਸਿੰਘ ਦੇ ਪਿਤਾ ਸਨ।

ਬਾਬਾ ਕਾਹਨ ਸਿੰਘ (1788-1878) ਸੰਸਕ੍ਰਿਤ ਦੇ ਵਿਦਵਾਨ ਸਨ ਅਤੇ ਬ੍ਰਜ ਭਾਸ਼ਾ ਵਿਚ ਕਾਵਿ-ਰਚਨਾ ਕਰਦੇ ਸਨ। ਆਪ ਦੀ ਤਬੀਅਤ ਸ਼ੁਰੂ ਤੋਂ ਹੀ ਉਦਾਸੀ ਵਾਲੀ ਸੀ। ਉਹ 13 ਸਾਲ ਦੀ ਉਮਰ ਵਿਚ ਘਰੋਂ ਨਿਕਲ ਆਏ ਅਤੇ ਅੰਮ੍ਰਿਤਸਰ ਤੇ ਹਰਿਦੁਆਰ ਦੇ ਕਈ ਡੇਰਿਆਂ ਵਿਚ ਰਹਿ ਕੇ ਅਧਿਐਨ ਤੇ ਅਭਿਆਸ-ਕਰਮ ਰਾਹੀਂ ਆਤਮਿਕ ਗਿਆਨ ਨੂੰ ਸਮਝਣ ਵਿਚ ਮਗਨ ਰਹੇ। 1830 ਈ. ਵਿਚ ਉਨ੍ਹਾਂ ਦੀ ਮਾਤਾ ਨੇ ਜ਼ੋਰ ਦੇ ਕੇ ਆਪ ਦੀ ਸ਼ਾਦੀ ਕਰਵਾ ਦਿੱਤੀ। ਆਪ ਦੀ ਪਹਿਲੀ ਸੰਤਾਨ ਛੋਟੀ ਉਮਰ ਵਿਚ ਹੀ ਮ੍ਰਿਤੂ ਪ੍ਰਾਪਤ ਹੁੰਦੀ ਰਹੀ ਅਤੇ ਅੰਤ ਵਿਚ ਇਕ ਲੜਕੀ ਤੇ ਇਕ ਪੁੱਤਰ ਡਾ. ਚਰਨ ਸਿੰਘ ਹੀ ਚਿਰੰਜੀਵੀ ਰਹੇ। ਡਾ. ਚਰਨ ਸਿੰਘ ਆਪਣੇ ਪਿਤਾ ਦੀ ਸਭ ਤੋਂ ਪਿਛਲੀ ਸੰਤਾਨ, 7 ਮਾਰਚ 1853 ਦਿਨ ਮੰਗਲਵਾਰ ਨੂੰ ਜਨਮੇ, ਜਦੋਂ ਆਪ ਦੇ ਪਿਤਾ ਦੀ ਉਮਰ 60 ਸਾਲ ਤੋਂ ਟੱਪ ਚੁੱਕੀ ਸੀ।

ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਦੇ ਆਗਮਨ ਨਾਲ ਇਸ ਕੁਲ ਦਾ ਆਧੁਨਿਕ ਕਾਲ ਵਿਚ ਆਤਮਿਕ ਪ੍ਰਵੇਸ਼ ਹੁੰਦਾ ਹੈ। ਆਪ ਨਵੀਂ ਸੰਗਠਿਤ ਹੋਈ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਆਪ ਨੇ ਲੋਕ ਸੇਵਾ ਅਤੇ ਵਿਦਿਆ ਪ੍ਰਚਾਰ ਦਾ ਚੋਖਾ ਕੰਮ ਕੀਤਾ। ਆਪ ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦੇ ਵਿਦਵਾਨ ਸਨ, ਅੰਗ੍ਰੇਜ਼ੀ ਅਤੇ ਫ਼ਾਰਸੀ ਦਾ ਵੀ ਕਾਫ਼ੀ ਗਿਆਨ ਸੀ। ਆਪ ਨੇ ਪੰਜਾਬੀ ਵਿਚ 'ਜੰਗ ਮੜੋਲੀ' ਅਤੇ 'ਸ਼ਰਾਬ ਕੌਰ' ਨਾਮ ਦੀਆਂ ਪ੍ਰਸਿੱਧ ਰਚਨਾਵਾਂ ਲਿਖੀਆਂ। 'ਹੀਰ ਭਾਈ ਗੁਰਦਾਸ' ਦਾ ਸੰਪਾਦਨ ਅਤੇ 'ਸ਼ਕੁੰਤਲਾ' ਨਾਟਕ ਦਾ ਅਨੁਵਾਦ ਆਪਦੀ ਸੰਪਾਦਨ ਅਤੇ ਅਨੁਵਾਦ-ਪ੍ਰਤਿਭਾ ਦੇ ਪ੍ਰਤੀਨਿਧ ਪ੍ਰਮਾਣ ਹਨ। ਇਨ੍ਹਾਂ ਤੋਂ ਬਿਨਾਂ 'ਬਾਣੀ-ਬਿਉਰਾ' ਅਤੇ 'ਸ਼ਬਦ-ਬ੍ਰਿਤੀ ਪ੍ਰਕਾਸ਼' ਆਦਿਕ ਪੁਸਤਕਾਂ ਵਿਚ ਆਪ ਨੇ ਸਿੱਖ ਧਰਮ ਅਤੇ ਦਰਸ਼ਨ ਦਾ ਬੜਾ ਡੂੰਘਾ ਅਧਿਐਨ ਪ੍ਰਸਤੁਤ ਕੀਤਾ ਹੈ।

ਡਾ. ਚਰਨ ਸਿੰਘ ਦਾ ਵਿਆਹ ਸੰਨ 1869 ਈ. ਵਿਚ ਅੰਮ੍ਰਿਤਸਰ ਦੇ ਗਿਆਨੀ ਹਜ਼ਾਰਾ ਸਿੰਘ ਦੀ ਸਪੁੱਤਰੀ ਬੀਬੀ ਉੱਤਮ ਕੌਰ ਨਾਲ ਹੋਇਆ। ਭਾਈ ਸਾਹਿਬ ਦੇ ਨਾਨਾ ਜੀ ਗਿਆਨੀ ਹਜ਼ਾਰਾ ਸਿੰਘ ਗੁਰਬਾਣੀ ਦੇ ਪ੍ਰਸਿੱਧ ਟੀਕਾਕਾਰ ਹੋਏ ਹਨ, ਜਿਨ੍ਹਾਂ ਦੀ ਰਚਨਾ 'ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ' ਬਹੁਤ ਪ੍ਰਸਿੱਧ ਹੈ। ਇਸ ਤੋਂ ਇਲਾਵਾ ਗਿਆਨੀ ਜੀ ਨੇ ਪ੍ਰਸਿੱਧ ਕਵੀ ਸ਼ੇਖ਼ ਸਾਅਦੀ ਦੀ ਰਚਨਾ 'ਗੁਲਿਸਤਾਂ' ਅਤੇ 'ਬੋਸਤਾਂ' ਦਾ ਪੰਜਾਬੀ ਅਨੁਵਾਦ ਸਕੂਲਾਂ ਦੀ ਪੜ੍ਹਾਈ ਵਾਸਤੇ ਕੀਤਾ। ਕਿਹਾ ਜਾਂਦਾ ਹੈ ਕਿ ਭਾਈ ਵੀਰ ਸਿੰਘ ਜੀ ਅਨੁਵਾਦ ਦੇ ਕੰਮ ਵਿਚ ਗਿਆਨੀ ਜੀ ਦੀ ਸਹਾਇਤਾ ਕਰਿਆ ਕਰਦੇ ਸਨ ਪਰ ਭਾਈ ਸਾਹਿਬ ਨੂੰ ਇਹ ਕੰਮ ਤਸੱਲੀ ਦੇਣ ਵਾਲਾ ਨਹੀਂ ਸੀ ਪ੍ਰਤੀਤ ਹੁੰਦਾ। ਇਕ ਦਿਨ ਆਪ ਜੀ ਨੇ ਗਿਆਨੀ ਜੀ ਨੂੰ ਕਿਹਾ, "ਤੁਸੀਂ ਹੋਰਾਂ ਲੋਕਾਂ ਦੀਆਂ ਰਚਨਾਵਾਂ ਦੇ ਅਨੁਵਾਦ ਹੀ ਕਿਉਂ ਕਰਦੇ ਹੋ ? ਆਪਣੇ ਅੰਦਰੋਂ ਰਚਨਾ ਕਿਉਂ ਨਹੀਂ ਕਰਦੇ ?" ਇਸ ਦਾ ਉੱਤਰ ਗਿਆਨੀ ਜੀ ਨੇ ਹੱਸ ਕੇ ਇਹ ਦਿੱਤਾ, "ਬਰਖ਼ੁਰਦਾਰ, ਮੈਂ ਨਹੀਂ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ।" ਇਹ ਸੁਭਾਵਕ ਆਖਿਆ ਵਚਨ ਪਿਛੋਂ ਜਾ ਕੇ ਮਹੱਤਵਪੂਰਨ ਰੂਪ ਵਿਚ ਸੱਚਾ ਸਿੱਧ ਹੋਇਆ।



ਇਸ ਤਰ੍ਹਾਂ ਸਪਸ਼ਟ ਹੈ ਕਿ ਭਾਈ ਵੀਰ ਸਿੰਘ ਦੇ ਪਿਤਰੀ ਧਨ ਵਿਚ ਦੀਵਾਨ ਕੌੜਾ ਮੱਲ ਦੀ ਰਾਜਸੀ ਮਹੱਤਾ, ਬਾਬਾ ਕਾਹਨ ਸਿੰਘ ਦਾ ਸਾਧੁਤਵ, ਡਾ. ਚਰਨ ਸਿੰਘ ਦੀ ਪੁਰਾਤਨ-ਸਹ-ਆਧੁਨਿਕ ਬੁਧੀਜੀਵਤਾ ਅਤੇ ਗਿਆਨੀ ਹਜ਼ਾਰਾ ਸਿੰਘ ਦਾ ਪਰਮਾਰਥ ਗਿਆਨ ਬੜੇ ਪ੍ਰਧਾਨ ਅੰਸ਼ ਹਨ। ਸੰਤ ਸਿੰਘ ਸੇਖੋਂ ਦੇ ਮਤਿ ਅਨੁਸਾਰ :

"ਅਜਿਹੇ ਪਿਤਰੀ ਧਨ ਵਾਲਾ ਪੁਰਖ ਸਮਝੋ ਉਨ੍ਹੀਵੀਂ ਸਦੀ ਦੇ ਭਾਰਤੀ ਜਾਗ੍ਰਤੀ-ਆਤਮਕ ਵਾਤਾਵਰਣ ਵਿਚ ਕਿਸੇ ਮਹਾਨ ਕਾਰਜ ਲਈ ਹੀ ਜਨਮਿਆ ਹੁੰਦਾ ਹੈ ਤੇ ਭਾਈ ਵੀਰ ਸਿੰਘ ਦੇ ਭਾਗ ਵਿਚ ਇਹ ਮਹਾਨ ਕਾਰਜ ਨਿਸਚੇ ਹੀ ਅੰਕਿਤ ਹੋਇਆ।÷

ਭਾਈ ਸਾਹਿਬ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਅਤੇ ਉਨ੍ਹਾਂ ਦੇ ਸਹਿਚਾਰੀਆਂ ਪਾਸੋਂ ਪ੍ਰਾਪਤ ਕੀਤੀ। ਅੱਠ ਸਾਲ ਦੀ ਉਮਰ ਤੱਕ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰ ਲਿਆ ਸੀ।" ਮਿਸ਼ਨ ਸਕੂਲ ਅੰਮ੍ਰਿਤਸਰ ਵਿਚੋਂ 1891 ਈ. ਵਿਚ ਐਂਟ੍ਰੈਂਸ ਦੀ ਪ੍ਰੀਖਿਆ ਪਾਸ ਕੀਤੀ। ਇਸ ਪ੍ਰੀਖਿਆ ਵਿਚ ਆਪ ਜ਼ਿਲ੍ਹੇ ਭਰ ਵਿਚੋਂ ਅੱਵਲ ਰਹੇ ਅਤੇ ਡਿਸਟ੍ਰਿਕਟ ਬੋਰਡ ਨੇ ਆਪ ਨੂੰ ਸੋਨੇ ਦਾ ਇਕ ਮੈਡਲ ਪ੍ਰਦਾਨ ਕੀਤਾ। ਐਂਟ੍ਰੈਂਸ ਦੀ ਪ੍ਰੀਖਿਆ ਪਾਸ ਕਰਨ ਤੋਂ ਦੋ ਸਾਲ ਪਹਿਲਾਂ 1889 ਈ. ਵਿਚ ਆਪ ਦਾ ਵਿਆਹ ਹੋ ਗਿਆ ਸੀ। ਐਂਟ੍ਰੈਂਸ ਤੋਂ ਪਿਛੋਂ ਆਪ ਨੇ ਸਰਕਾਰੀ ਨੌਕਰੀ ਦਾ ਸੰਕਲਪ ਨਾ ਕੀਤਾ ਕਿਉਂਕਿ ਆਪਣੇ ਪਿਤਾ ਡਾ. ਚਰਨ ਸਿੰਘ ਦੇ ਪ੍ਰਭਾਵ ਹੇਠਾਂ ਅਤੇ ਉਨ੍ਹਾਂ ਦੇ ਸਫ਼ਲ ਜੀਵਨ ਸਦਕਾ ਆਪ ਦੇ ਮਨ ਵਿਚ ਸਮਾਜ ਦੀ ਖੁੱਲ੍ਹੀ ਸੇਵਾ ਦੀ ਧੁਨ ਵੱਜ ਰਹੀ ਸੀ। ਸਾਹਿਤ ਵੱਲ ਆਪਦੀ ਰੁਚੀ ਪ੍ਰਬਲ ਸੀ ਅਤੇ ਇਸ ਦੇ ਅਨੁਸਾਰ ਹੀ ਆਪਨੇ ਆਪਣਾ ਵਿਵਹਾਰ ਵੀ ਚੁਣਿਆ। ਡਾ. ਚਰਨ ਸਿੰਘ ਦੇ ਇਕ ਸਹਿਚਾਰੀ ਭਾਈ ਵਜ਼ੀਰ ਸਿੰਘ ਨਾਲ ਮਿਲ ਕੇ ਇਕ ਛਾਪੇਖਾਨਾ 'ਵਜ਼ੀਰ ਹਿੰਦ ਪ੍ਰੈਸ' ਜਾਰੀ ਕੀਤਾ। ਛੇਤੀ ਹੀ ਇਹ ਪ੍ਰੈਸ ਅੰਮ੍ਰਿਤਸਰ ਦਾ ਇਕ ਕਾਫ਼ੀ ਵੱਡਾ ਪ੍ਰੈਸ ਗਿਣਿਆ ਜਾਣ ਲੱਗਾ, ਜੋ ਹੁਣ ਤੱਕ ਭਾਈ ਲਖਵੀਰ ਸਿੰਘ ਦੀ ਸੰਤਾਨ ਦੇ ਪ੍ਰਬੰਧ ਵਿਚ ਚੱਲ ਰਿਹਾ ਹੈ।

ਆਪਣੇ ਜੀਵਨ ਕਰਮ ਦੇ ਇਸ ਆਰੰਭ ਦੇ ਨਾਲ ਹੀ ਭਾਈ ਵੀਰ ਸਿੰਘ ਨੇ ਆਪਣੇ ਇਕ ਮਹਾਨ ਭਾਵੀ ਮਿੱਤਰ ਸਰਦਾਰ ਕੌਰ ਸਿੰਘ ਧੂਪੀਏ ਨਾਲ ਮਿਲ ਕੇ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਨੀਂਹ ਰੱਖੀ, ਜਿਸ ਦਾ ਕਾਰਜ ਪੰਜਾਬੀ ਵਿਚ ਸਿੱਖੀ ਪ੍ਰਚਾਰ ਅਤੇ ਸਮਾਜ ਸੁਧਾਰ ਲਈ ਟ੍ਰੈਕਟ ਪ੍ਰਕਾਸ਼ਿਤ ਕਰਨਾ ਸੀ। ਇਸ ਤੋਂ ਬਾਦ ਨਵੰਬਰ 1899 ਈ. ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਦਿਨ ਆਪ ਨੇ ਸਪਤਾਹਿਕ 'ਖ਼ਾਲਸਾ ਸਮਾਚਾਰ' ਆਰੰਭ ਕੀਤਾ। ਜਿਸ ਦੁਆਰਾ ਪੰਥਕ ਸਮਾਚਾਰ ਪ੍ਰਸਾਰਿਤ ਕਰਨ ਦੇ ਨਾਲ ਸਿੱਖੀ ਅਸੂਲਾਂ ਦਾ ਪ੍ਰਤਿਪਾਦਨ, ਗੁਰਬਾਣੀ ਤੇ ਗੁਰਮਤਿ ਦੀ ਸਿੱਖਿਆ ਪ੍ਰਚਾਰਨ ਦਾ ਕਾਰਜ ਅਰੰਭਿਆ। 1901 ਈ. ਵਿਚ ਚੀਫ਼ ਖਾਲਸਾ ਦੀਵਾਨ ਦੀ ਸਥਾਪਨਾ ਵਿਚ ਆਪ ਦਾ ਵੱਡਾ ਹੱਥ ਸੀ। 1902 ਈ. ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਵਿਚ ਆਪ ਨੇ ਉੱਘਾ ਹਿੱਸਾ ਲਿਆ। 1904 ਈ. ਵਿਚ ਸੈਂਟਰਲ ਖਾਲਸਾ ਯਤੀਮਖਾਨਾ ਅੰਮ੍ਰਿਤਸਰ ਅਤੇ 1908 ਈ. ਵਿਚ ਪੰਜਾਬ ਐਂਡ ਸਿੰਧ ਬੈਂਕ ਜਾਰੀ ਕੀਤੇ ਗਏ। 1908 ਈ. ਵਿਚ ਸਿੱਖ ਐਜੂਕੇਸ਼ਨਲ ਕਮੇਟੀ ਅਤੇ ਸੈਂਟਰਲ ਖਾਲਸਾ ਪ੍ਰਚਾਰਕ ਵਿਦਿਆਲਾ, ਤਰਨ ਤਾਰਨ ਦੀ ਸਥਾਪਨਾ ਕੀਤੀ ਗਈ। ਭਾਈ ਸਾਹਿਬ ਦੀ ਅਗਵਾਈ ਵਿਚ 'ਆਨੰਦ ਮੈਰਿਜ ਐਕਟ' 1909 ਈ. ਵਿਚ ਪਾਸ ਹੋਇਆ। 1925 ਈ. ਵਿਚ ਸਿੱਖਾਂ ਵਿਚ ਜੋ ਹਰੀਜਨ ਸੁਧਾਰ ਅਤੇ ਗੁਰਦੁਆਰਾ ਸੁਧਾਰ ਲਹਿਰਾਂ ਸ਼ੁਰੂ ਹੋਈਆਂ, ਉਹ ਬਹੁਤਾ ਕਰਕੇ ਆਪ ਦੀਆਂ ਰਚਨਾਵਾਂ ਤੋਂ ਪੰਥ ਵਿਚ ਆਈ ਜਾਗ੍ਰਿਤੀ ਦਾ ਹੀ ਨਤੀਜਾ ਸਨ।

ਸਾਹਿਤ ਦੇ ਖੇਤਰ ਵਿਚ ਭਾਈ ਸਾਹਿਬ ਨੇ ਬਹੁ-ਪੱਖੀ ਹਿੱਸਾ ਪਾਇਆ ਹੈ। ਕਾਵਿ ਤੋਂ ਬਿਨਾਂ ਆਪ ਨੇ ਪੰਜਾਬੀ ਨਾਵਲ, ਨਾਟਕ, ਵਾਰਤਕ, ਸੰਪਾਦਨ, ਸਟੀਕ ਰਚਨਾ ਦੇ ਖੇਤਰ ਵਿਚ ਵੀ ਕਾਫ਼ੀ ਗੰਭੀਰ ਅਤੇ ਵਿਦਵਤਾ-ਪੂਰਨ ਰਚਨਾਵਾਂ ਦੇ ਕੇ ਨਵੀਆਂ ਲੀਹਾਂ ਪਾਈਆਂ ਹਨ। ਭਾਈ ਸਾਹਿਬ ਦੇ ਸਾਹਿਤਕ ਸੰਬੰਧ ਆਪਣੇ ਸਮੇਂ ਦੇ ਬਹੁਤ ਸਾਰੇ ਵਿਦਵਾਨਾਂ ਤੇ ਕਵੀਆਂ ਨਾਲ ਸਨ। ਆਧੁਨਿਕ ਕਾਲ ਦੇ ਮੁੱਢਲੇ ਪੰਜਾਬੀ ਕਵੀਆਂ ਮੌਲਾ ਬਖ਼ਸ਼ ਕੁਸ਼ਤਾ, ਚਰਨ ਸਿੰਘ ਸ਼ਹੀਦ, ਪ੍ਰੋ. ਪੂਰਨ ਸਿੰਘ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਦੀ ਰਚਨਾਤਮਕ ਪ੍ਰਤਿਭਾ ਨੂੰ ਚਮਕਾਉਣ ਵਿਚ ਆਪਦਾ ਵਿਸ਼ੇਸ਼ ਯੋਗਦਾਨ ਹੈ। ਪ੍ਰੋ. ਪੂਰਨ ਸਿੰਘ ਭਾਈ ਸਾਹਿਬ ਦੇ ਇਸ ਯੋਗਦਾਨ ਨੂੰ ਸਵੀਕਾਰ ਕਰਦਾ ਹੋਇਆ ਲਿਖਦਾ ਹੈ :

"ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂਪੁਰਖ (ਭਾਈ ਵੀਰ ਸਿੰਘ) ਦੇ ਦੀਦਾਰ ਹੋਏ ਅਰ ਆਪ ਦੇ ਕਿਰਪਾ ਕਟਾਖਯ ਨਾਲ ਪੰਜਾਬੀ ਸਾਹਿਤਯ ਦਾ ਸਾਰਾ ਬੋਧ ਤੇ ਗਿਆਨ ਦੀ ਉਡਾਰੀ ਆਈ। ਕਵਿਤਾ ਵੀ ਮਿਲੀ ਤੇ ਉਸੀ ਮਿਹਰ ਦੀ ਨਜ਼ਰ ਵਿਚ ਮਿੱਠੇ ਸਾਧ ਵਚਨ ਵਿਚ ਮੈਨੂੰ ਪੰਜਾਬੀ ਆਪਮੁਹਾਰੀ ਆਈ।"

ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਦੇ ਮਾਧਿਅਮ ਦੁਆਰਾ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ ਅਤੇ ਪੰਜਾਬ ਦੇ ਵਾਸੀਆਂ ਨੇ ਵੀ ਆਪ ਦੀ ਕਲਮੀ ਸੇਵਾ ਦਾ ਕਾਫ਼ੀ ਸਨਮਾਨ ਕੀਤਾ। 1949 ਵਿਚ ਆਪ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਪ੍ਰਦਾਨ ਕੀਤੀ ਗਈ। ਸੁਤੰਤਰ ਭਾਰਤ ਦੀ ਗਣਰਾਜ ਸਥਾਪਨਾ ਤੋਂ ਬਾਦ ਪੰਜਾਬ ਦੇ ਰਾਜਪਾਲ ਸ੍ਰੀ ਚੰਦੂ ਲਾਲ ਤ੍ਰਿਵੇਦੀ ਨੇ ਭਾਈ ਸਾਹਿਬ ਨੂੰ ਪੰਜਾਬ ਵਿਧਾਨ ਪਰਿਸ਼ਦ ਦਾ ਮੈਂਬਰ ਨਾਮਜ਼ਦ ਕੀਤਾ। ਭਾਰਤ ਸਰਕਾਰ ਨੇ ਆਪ ਨੂੰ 1954 ਵਿਚ ਸਾਹਿਤ ਅਕਾਦਮੀ ਦਾ ਮੈਂਬਰ ਨਿਯੁਕਤ ਕੀਤਾ। ਇਸੇ ਸਾਲ 25 ਦਸੰਬਰ ਨੂੰ ਬੰਬਈ ਵਿਚ ਹੋਈ ਸਿੱਖ ਵਿਦਿਅਕ ਕਾਨਫਰੰਸ ਵਿਚ ਆਪ ਨੂੰ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। 1953 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵਲੋਂ ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ ਨੂੰ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। 1956 ਈ. ਵਿਚ ਭਾਰਤ ਸਰਕਾਰ ਵਲੋਂ ਭਾਈ ਸਾਹਿਬ ਨੂੰ 'ਪਦਮ ਭੂਸ਼ਣ ਦਾ ਸਨਮਾਨ ਦਿੱਤਾ ਗਿਆ, ਜਿਸ ਦਾ ਪ੍ਰਮਾਣ-ਪੱਤਰ ਆਪ ਦੇ ਗ੍ਰਹਿ ਅੰਮ੍ਰਿਤਸਰ ਵਿਚ ਭੇਟ ਕੀਤਾ ਗਿਆ।

1957 ਸਾਲ ਦੇ ਸ਼ੁਰੂ ਤੋਂ ਹੀ ਭਾਈ ਸਾਹਿਬ ਸਰੀਰਕ ਕਮਜ਼ੋਰੀ ਮਹਿਸੂਸ ਕਰ ਰਹੇ ਸਨ। ਇਸ ਲਈ ਡਾਕਟਰਾਂ ਨੇ ਪੂਰੀ ਤਰ੍ਹਾਂ ਆਰਾਮ ਕਰਨ ਲਈ ਪ੍ਰੇਰਨਾ ਕੀਤੀ ਪਰ ਭਾਈ ਸਾਹਿਬ ਲਈ ਮੁਕੰਮਲ ਆਰਾਮ ਕਰਨਾ ਮੁਸ਼ਕਿਲ ਸੀ। ਪਹਿਲੀ ਜੂਨ ਨੂੰ ਆਪ ਨੂੰ ਬੁਖ਼ਾਰ ਹੋ ਗਿਆ ਜੋ 10 ਦਿਨ ਤੱਕ ਲਗਾਤਾਰ ਚਲਦਾ ਰਿਹਾ। ਅੰਤ 10 ਜੂਨ 1957 ਸੋਮਵਾਰ ਦੀ ਸ਼ਾਮ ਨੂੰ 4 ਵੱਜ ਕੇ 25 ਮਿੰਟ ਤੇ ਆਪ ਅਕਾਲ ਚਲਾਣਾ ਕਰ ਗਏ। ਪਰ ਉਹ ਆਪਣੇ ਪਿਛੇ ਆਪਣੇ ਵਿਅਕਤਿਤਵ ਅਤੇ ਰਚਨਾਵਾਂ ਦਾ ਅਜਿਹਾ ਗੌਰਵ ਛੱਡ ਗਏ ਜੋ ਯੁਗਾਂ ਤੱਕ ਆਉਣ ਵਾਲੀ ਮਾਨਵਤਾ ਦਾ ਪਥ-ਪ੍ਰਦਰਸ਼ਨ ਕਰਦਾ ਰਹੇਗਾ।

ਭਾਈ ਸਾਹਿਬ ਦੇ ਜੀਵਨ ਤੇ ਵਿਅਕਤਿਤਵ ਨੂੰ ਵੇਖਣ ਤੋਂ ਬਾਦ ਆਪ ਦੀਆਂ ਕਾਵਿ-ਰਚਨਾਵਾਂ ਦਾ ਸੰਖਿਪਤ ਪਰਿਚੈ ਪ੍ਰਾਪਤ ਕਰਕੇ ਉਨ੍ਹਾਂ ਦੇ ਕਾਵਿ-ਵਿਕਾਸ ਦੀਆਂ ਵਿਭਿੰਨ ਸਥਿਤੀਆਂ ਨੂੰ ਜਾਂਚਣਾ ਵੀ ਜਰੂਰੀ ਹੈ। ਭਾਈ ਸਾਹਿਬ ਦੀਆਂ ਕਾਵਿ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. **ਨਿਨਾਣ ਭਰਜਾਈ** : ਭਾਈ ਸਾਹਿਬ ਦੀ ਸਭ ਤੋਂ ਪਹਿਲੀ ਕਾਵਿ-ਰਚਨਾ 'ਨਿਨਾਣ ਭਰਜਾਈ ਦਾ ਸਿੱਖਿਆਦਾਇਕ ਵਾਰਤਾਲਾਪ' (1900 ਈ.) ਸਮਾਜ ਸੁਧਾਰ ਦੇ ਆਸ਼ੇ ਨੂੰ ਮੁੱਖ ਰੱਖਦਿਆਂ ਪੋਥੀ ਰੂਪ ਵਿਚ ਪ੍ਰਕਾਸ਼ਿਤ ਹੋਈ ਮਿਲਦੀ ਹੈ।

2. **ਰਾਣਾ ਸੂਰਤ ਸਿੰਘ** : ਭਾਈ ਸਾਹਿਬ ਦੀ ਕਾਵਿ-ਪ੍ਰਤਿਭਾ ਦਾ ਪ੍ਰਕਾਸ਼ 'ਰਾਣਾ ਸੂਰਤ ਸਿੰਘ' ਦੇ ਪ੍ਰਕਾਸ਼ਿਤ ਹੋਣ ਨਾਲ ਪ੍ਰਗਟ ਹੁੰਦਾ ਹੈ, ਜੋ ਪਹਿਲੀ ਵਾਰ 1905 ਈ. ਵਿਚ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ, ਦੂਜੀ ਵਾਰ 1919 ਈ. ਵਿਚ ਪੁਸਤਕ ਆਕਾਰ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਮਹਾਂਕਾਵਿ ਦੀ ਰਚਨਾ ਸਿਰਖੰਡੀ ਛੰਦ ਵਿਚ ਕੀਤੀ ਗਈ ਹੈ।

3. **ਲਹਿਰਾਂ ਦੇ ਹਾਰ** : ਭਾਈ ਸਾਹਿਬ ਦੀ ਰਚਨਾ 'ਲਹਿਰਾਂ ਦੇ ਹਾਰ' ਮਾਰਚ 1928 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਤ੍ਰੇਲ ਤੁਪਕੇ (1921) ਦੀਆਂ ਤੁਰਿਆਈਆਂ, ਦਿਲ ਤਰੰਗ ਅਤੇ ਪੰਜ ਲੰਮੇਰੀਆਂ ਕਵਿਤਾਵਾਂ—ਜੀਵਨ ਕੀ ਹੈ ?, ਬੁਲਬੁਲ ਤੇ ਰਾਹੀ, ਪੁਸ਼ਪਾਵਤੀ ਤੇ ਚੰਦਰਾਵਤ, ਬਿਸਮਿਲ ਮੋਰ, ਫੁੰਡਿਆ ਤੋਤਾ ਅਤੇ ਇਕ ਗੀਤ—ਗੋਦਾਵਰੀ ਦਾ ਗੀਤ ਸੰਗ੍ਰਹਿਤ ਹੈ।

4. **ਮਟਕ ਹੁਲਾਰੇ** : 'ਮਟਕ ਹੁਲਾਰੇ' (1925) ਵਿਚ ਭਾਈ ਸਾਹਿਬ ਨੇ ਪਹਿਲੀ ਵੇਰ ਕਸ਼ਮੀਰ (1922) ਜਾਣ ਸਮੇਂ ਛੁਰੀਆਂ ਅਤੇ ਤਿੰਨ ਵਰ੍ਹਿਆਂ ਵਿਚ ਰਚੀਆਂ ਕਵਿਤਾਵਾਂ ਸੰਕਲਿਤ ਕੀਤੀਆਂ ਹਨ। ਇਸ ਦੇ ਪਹਿਲੇ ਭਾਗ 'ਰਸ ਰੰਗ ਛੁਹ' ਤੋਂ ਬਿਨਾਂ ਸਾਰੀਆਂ ਕਵਿਤਾਵਾਂ ਕਸ਼ਮੀਰ ਦੀ ਸੁੰਦਰਤਾ ਅਤੇ ਉਸ ਦੇ ਸਾਂਸਕ੍ਰਿਤਕ ਇਤਿਹਾਸ ਨਾਲ ਸੰਬੰਧਿਤ ਹਨ।

5. **ਬਿਜਲੀਆਂ ਦੇ ਹਾਰ (1927)** : ਇਸ ਪੁਸਤਕ ਦੇ ਆਰੰਭਕ ਸ਼ਬਦਾਂ ਵਿਚ ਭਾਈ ਸਾਹਿਬ ਨੇ ਲਿਖਿਆ ਸੀ : "ਇਹ ਚਿਰਾਂ ਤੋਂ ਹੁਣ ਤਾਈਂ ਕਦੇ ਕਦੇ ਦੇ ਲਿਖੇ ਗਏ ਖ਼ਯਾਲ ਹਨ, ਜੋ ਇਸ ਸੰਚੇ ਵਿਚ ਪ੍ਰਕਾਸ਼ਤ ਹੁੰਦੇ ਹਨ। ਕੋਈ ਸਿਲਸਿਲੇ ਦਾ ਪ੍ਰਸੰਗ ਸਾਰੀ ਪੋਥੀ ਦਾ ਵਿਸ਼ਾ ਨਹੀਂ, ਪਰ ਵਿਕੋਲਿੱਤ੍ਰੇ ਖ਼ਯਾਲ ਆਪਣੇ ਆਪ ਵਿਚ ਸਮਾਪਤ ਹਨ, ਚਾਹੇ ਨਿੱਕੀਆਂ ਕਵਿਤਾਵਾਂ ਹਨ ਤੇ ਚਾਹੇ ਲੰਮੇਰੀਆਂ। ਇਸ ਸੰਗ੍ਰਹਿ ਵਿਚ ਛੋਟੀਆਂ ਕਵਿਤਾਵਾਂ ਤੋਂ ਬਿਨਾਂ ਲੰਮੇਰੀਆਂ ਕਵਿਤਾਵਾਂ ਅਟਕ, ਮਰਦ ਦਾ ਕੁੱਤਾ, ਕੁਤਬ ਦੀ ਲਾਠ, ਬੇਲਾ ਭਵਾਨੀ, ਪਿਆਰ ਤੇ ਫਰਜ਼ ਦੀਆਂ ਦੇਵੀਆਂ ਦਾ ਸੰਬਾਦ, ਪਦਮ ਬ੍ਰਿਛ ਦੀ ਬਹਾਰ ਅਤੇ ਗੰਗਾ ਰਾਮ ਮਿਲਦੀਆਂ ਹਨ।

6. **ਪ੍ਰੀਤ ਵੀਣਾ (1929)** : ਇਹ ਇਕ ਲੰਮੇਰੀ ਕਵਿਤਾ ਹੈ, ਜਿਸ ਨੂੰ ਭਾਈ ਸਾਹਿਬ ਨੇ ਗੁਲਮਰਗ ਵਿਖੇ ਰਚਿਆ। ਇਸ ਵਿਚ 'ਬ੍ਰਿਹੋਂ-ਦੁਖ ਤੇ ਸੁਹਾਗ ਸੰਜੋਗ' ਰਾਹੀਂ ਆਤਮਾ-ਪਰਮਾਤਮਾ ਅਤੇ ਵਿਛੋੜੇ ਤੇ ਮਿਲਾਪ ਨੂੰ ਉਲੀਕਿਆ ਹੈ।

7. **ਕੰਬਦੀ ਕਲਾਈ (1933)** : ਭਾਈ ਸਾਹਿਬ ਦਾ ਸਾਹਿਤਿਕ ਖੇਤਰ ਵਿਚ ਪ੍ਰਵੇਸ਼ ਕਰਨ ਸਮੇਂ ਤੋਂ ਇਹ ਨਿਯਮ ਰਿਹਾ ਸੀ ਕਿ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵਾਂ ਉੱਤੇ ਸ਼ਰਧਾ ਦੇ ਫੁੱਲਾਂ ਵਜੋਂ ਉਨ੍ਹਾਂ ਸੰਬੰਧੀ ਰਚੇ ਟ੍ਰੈਕਟਾਂ ਦੇ ਅੰਤ ਵਿਚ ਅਤੇ ਖਾਲਸਾ ਸਮਾਚਾਰ ਸਪਤਾਹਿਕ ਵਿਚ ਗੀਤਾਂ ਦੇ ਰੂਪ ਵਿਚ ਸ਼ਰਧਾਂਜਲੀ ਅਰਪਿਤ ਕਰਦੇ ਸਨ। ਇਨ੍ਹਾਂ ਧਾਰਮਿਕ ਗੀਤਾਂ ਦੀ ਸੰਭਾਲ ਲਈ 1933 ਈ. ਤੱਕ ਦੇ ਰਚੇ ਚੋਣਵੇਂ ਗੀਤਾਂ ਨੂੰ 'ਕੰਬਦੀ ਕਲਾਈ' ਸੰਗ੍ਰਹਿ ਵਿਚ ਪ੍ਰਕਾਸ਼ਿਤ ਕੀਤਾ। ਸਮੇਂ ਸਮੇਂ 1938, 1950 ਅਤੇ 1968 ਵਿਚ ਇਸ ਪੁਸਤਕ ਵਿਚ ਹੋਰ ਵੀ ਗੀਤ, ਜੋ ਬਾਦ ਵਿਚ ਲਿਖੇ ਗਏ, ਸੰਕਲਿਤ ਕੀਤੇ ਗਏ।

8. **ਕੰਤ ਮਹੇਲੀ ਦਾ ਬਾਰਾਂਮਾਹ** : ਬਾਰਾਂਮਾਹ ਦੇ ਰੂਪ ਵਿਚ ਲਿਖੀ ਇਹ ਲੰਮੇਰੀ ਕਵਿਤਾ ਭਾਈ ਸਾਹਿਬ ਨੇ 1952 ਈ. ਵਿਚ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਪਰੰਪਰਿਕ ਅਤੇ ਪ੍ਰਚੱਲਿਤ ਕਾਵਿ-ਰੂਪ 'ਬਾਰਾਂਮਾਹ' ਦੇ ਮਾਧਿਅਮ ਦੁਆਰਾ ਆਤਮਾ-ਪਰਮਾਤਮਾ ਦੇ ਵਿਛੋੜੇ ਦੇ ਦੁਖ ਨੂੰ ਉਲੀਕਿਆ ਗਿਆ ਹੈ।

9. **ਮੇਰੇ ਸਾਈਆਂ ਜੀਓ** : 'ਮੇਰੇ ਸਾਈਆਂ ਜੀਓ ਵਿਚ 72 ਕਵਿਤਾਵਾਂ ਹਨ। ਇਹ ਰਚਨਾ ਜੁਲਾਈ 1953 ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ 11 ਰੁਬਾਈਆਂ ਤੋਂ ਛੁੱਟ ਬਾਕੀ ਦੀਆਂ ਕਵਿਤਾਵਾਂ ਛੰਦਾਬੰਦੀ ਦੇ ਬੰਧਨ ਤੋਂ ਸੁਤੰਤਰ, ਮੁਕਤ-ਛੰਦ ਵਿਚ ਲਿਖੀਆਂ ਗਈਆਂ ਹਨ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਨਿੱਜੀ ਅਨੁਭਵ ਤੇ ਅਹਿਸਾਸਾਂ ਨੂੰ ਅਭਿਵਿਅਕਤੀ ਮਿਲੀ ਹੈ। ਇਸ ਰਚਨਾ ਦੀ ਵਿਸ਼ਿਸ਼ਟਤਾ ਇਹ ਹੈ ਕਿ ਇਸ ਵਿਚ ਭਾਈ ਸਾਹਿਬ ਨੇ ਖੁੱਲ੍ਹੀਆਂ ਕਵਿਤਾਵਾਂ ਦੇ ਪ੍ਰਯੋਗ ਵੀ ਕੀਤੇ ਹਨ।

10. ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਅਤੇ ਅਸੰਕਲਿਤ ਕਵਿਤਾਵਾਂ : ਭਾਈ ਸਾਹਿਬ ਦੀਆਂ ਲਗਪਗ 354 ਕਵਿਤਾਵਾਂ ਉਨ੍ਹਾਂ ਦੇ ਸਪਤਾਹਿਕ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਪਰ ਅਜੇ ਤੱਕ ਅਸੰਕਲਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਤੋਂ ਛੁੱਟ ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ 20 ਨਜ਼ਦੀਕੀ ਮਿੱਤਰਾਂ ਦੇ ਅੰਤਿਮ ਵਿਛੋੜੇ ਸਮੇਂ ਸ਼ਰਧਾਂਜਲੀ ਵਜੋਂ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਮਿਲਦੀਆਂ ਹਨ। ਜਿਵੇਂ ਪ੍ਰੋ. ਪੂਰਨ ਸਿੰਘ, ਸ. ਹਰਬੰਸ ਸਿੰਘ ਅਟਾਰੀ ਵਾਲੇ, ਸਰਦਾਰ ਸੁੰਦਰ ਸਿੰਘ ਮਜੀਠੀਆ, ਸਰਦਾਰ ਤਰਲੋਚਨ ਸਿੰਘ ਦੀ ਯਾਦ ਵਿਚ ਲਿਖੀਆਂ ਕਵਿਤਾਵਾਂ।

ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ ਉਨ੍ਹਾਂ ਦੇ ਅਕਾਲ ਚਲਾਣੇ ਤੱਕ ਅਪ੍ਰਕਾਸਿਤ ਰਹਿ ਗਈਆਂ ਸਨ, ਜਿਨ੍ਹਾਂ ਨੂੰ 'ਖਾਲਸਾ ਸਮਾਚਾਰ' ਵਿਚ ਵੀ ਪ੍ਰਕਾਸ਼ਿਤ ਨਹੀਂ ਸੀ ਕੀਤਾ ਜਾ ਸਕਿਆ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕਵਿਤਾਵਾਂ 15.8.1957 ਤੋਂ ਲੈ ਕੇ 21.12.1967 ਤੱਕ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਸਨ। ਇਨ੍ਹਾਂ ਵਿਚ ਛੋਟੀਆਂ ਕਵਿਤਾਵਾਂ ਤੋਂ ਛੁੱਟ 9 ਲੰਮੇਰੀਆਂ ਕਵਿਤਾਵਾਂ—ਮਿੱਠੀਆਂ ਉਡੀਕਾਂ, ਅਰਦਾਸ, ਬਿਹਬਲ ਹਿਰਨੀ ਤੇ ਕੋਇਲ, ਫਰਿਆਦ, ਦੁਮੇਲ ਦੇ ਪਾਣੀਆਂ ਦਾ ਨਾਦ, ਸੌਦਾਗਰੀ ਬੀਸਾ, ਇਹ ਨੈਣ ਬਿਦੋਸੇ, ਆਗਤ ਪਤਿਕਾ ਅਤੇ ਢੋਲਣ ਆਇਆ ਪ੍ਰਾਪਤ ਹੁੰਦੀਆਂ ਹਨ।

ਭਾਈ ਸਾਹਿਬ ਦੀਆਂ ਕਾਵਿ-ਰਚਨਾਵਾਂ ਦੀ ਪ੍ਰਕਾਸ਼ਨਾ ਵਿਚ ਕਈ-ਕਈ ਸਾਲਾਂ ਦਾ ਵਕਫ਼ਾ ਮਿਲਦਾ ਹੈ। ਇਸ ਵਕਫ਼ੇ ਸੰਬੰਧੀ ਟਿੱਪਣੀ ਕਰਦਿਆਂ ਹੋਇਆਂ ਡਾ. ਗੁਰਚਰਨ ਸਿੰਘ ਮਹਿਤਾ ਲਿਖਦਾ ਹੈ ਕਿ ਭਾਈ ਸਾਹਿਬ ਨਿਰੰਤਰ ਲਿਖਦੇ ਤਾਂ ਰਹਿੰਦੇ ਸਨ ਪਰ ਉਨ੍ਹਾਂ ਨੂੰ ਰਚਨਾਵਾਂ ਪ੍ਰਕਾਸ਼ਿਤ ਕਰਵਾਉਣ ਦੀ ਕਾਹਲ ਨਹੀਂ ਸੀ ਹੁੰਦੀ। ਉਨ੍ਹਾਂ ਦਾ ਵਿਚਾਰ ਸੀ ਕਿ ਰਚਨਾ ਨੂੰ ਲਿਖ ਕੇ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ ਤੇ ਪਿਛੋਂ ਕੁਝ ਦੇਰ ਬਾਦ ਉਸ ਨੂੰ ਸੋਧ ਕੇ ਪਾਠਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਉਹ ਸਮਝਦੇ ਸਨ ਕਿ ਕਲਾਕਾਰ ਨੂੰ ਰਚਨਾ ਕਰਨ ਵੇਲੇ ਜੋ ਅੰਦਰੂਨੀ ਰਸ ਪ੍ਰਾਪਤ ਹੁੰਦਾ ਹੈ, ਉਸੇ ਲਈ ਕਲਾਕਾਰ ਨੂੰ ਲਿਖਣਾ ਚਾਹੀਦਾ ਹੈ। ਇਥੋਂ ਸਿੱਧ ਹੁੰਦਾ ਹੈ ਕਿ ਭਾਈ ਸਾਹਿਬ ਕਾਵਿ-ਕਲਾ ਨੂੰ ਕਈ ਦੁਜੈਲਾ ਜਾਂ ਗੌਣ ਦਰਜਾ ਨਹੀਂ ਦਿੰਦੇ ਸਨ, ਸਗੋਂ ਪ੍ਰਾਥਮਿਕ ਅਤੇ ਮਹੱਤਵਪੂਰਨ ਸਥਾਨ ਪ੍ਰਦਾਨ ਕਰਦੇ ਸਨ।

ਡਾ. ਗੁਰਚਰਨ ਸਿੰਘ ਮਹਿਤਾ ਨੇ ਭਾਈ ਵੀਰ ਸਿੰਘ ਦੀ ਕਾਵਿ-ਸਾਧਨਾ ਨੂੰ ਤਿੰਨ ਵਿਕਾਸ-ਸਥਿਤੀਆਂ ਵਿਚ ਵਿਭਾਜਤ ਕਰਕੇ ਦੇਖਿਆ ਹੈ। ਉਸ ਅਨੁਸਾਰ 1890 ਤੋਂ ਲੈ ਕੇ 1901 ਈ. ਤੱਕ ਭਾਈ ਸਾਹਿਬ ਦੀ ਕਾਵਿ-ਸਾਧਨਾ ਦੀ ਪਹਿਲੀ ਵਿਕਾਸ ਸਥਿਤੀ ਹੈ। ਇਸ ਨੂੰ ਉਸ ਨੇ 'ਕਾਵਿ-ਅਭਿਆਸ ਕਾਲ' ਵੀ ਕਿਹਾ ਹੈ। ਇਸ ਸਮੇਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਧਾਰਮਿਕ ਪੁਨਰ ਉੱਥਾਨ, ਵਿਅਕਤੀ ਅਤੇ ਸਮਾਜ ਦੇ ਸੁਧਾਰ ਦੀ ਪ੍ਰਵਿਰਤੀ ਦਾ ਜ਼ੋਰ ਸੀ। ਇਸ ਪ੍ਰਭਾਵ ਅਧੀਨ ਭਾਈ ਸਾਹਿਬ ਨੇ ਗੁਰੂ-ਉਪਾਸ਼ਨਾ ਦੇ ਗੀਤ ਲਿਖਣੇ ਸ਼ੁਰੂ ਕੀਤੇ ਜੋ ਗੁਰਪੁਰਬ ਦੇ ਮੌਕਿਆਂ ਤੇ ਛਪਦੇ ਸਨ। ਇਨ੍ਹਾਂ ਗੀਤਾਂ ਵਿਚ ਉਪਭਾਵੁਕਤਾ ਪ੍ਰਧਾਨ ਹੈ, ਪਰੰਤੂ ਨਿਰਮਲ ਜਜ਼ਬੇ ਅਤੇ ਸਚਾਈ ਦੇ ਜ਼ੋਰ ਕਾਰਨ ਇਨ੍ਹਾਂ ਵਿਚ ਪਾਠਕਾਂ ਨੂੰ ਟੁੰਬਣ ਦੀ ਸ਼ਕਤੀ ਹੈ।

ਭਾਈ ਸਾਹਿਬ ਦੇ ਕਾਵਿ-ਵਿਕਾਸ ਦਾ ਦੂਜਾ ਚਰਣ 1902 ਤੋਂ 1905 ਈ. ਤੱਕ ਚਲਦਾ ਹੈ। ਇਸ ਨੂੰ 'ਨਿਰਮਾਣ ਕਲਾ' ਦਾ ਨਾਮ ਦਿੱਤਾ ਜਾ ਸਕਦਾ ਹੈ। ਕਾਵਿ-ਵਿਕਾਸ ਦੇ ਇਸ ਦੂਜੇ ਚਰਣ ਵਿਚ ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਦੀ ਸਿਰਜਣਾ ਕੀਤੀ। ਇਹ ਰਚਨਾ ਸਮੁੱਚੇ ਪੰਜਾਬੀ ਕਾਵਿ ਵਿਚ ਇਕ ਮੀਲ-ਪੱਥਰ ਹੈ। ਰਾਣਾ ਸੂਰਤ ਸਿੰਘ ਦਾ ਕੇਂਦਰੀ ਬਿੰਦੂ ਸੁਨਿਸ਼ਿਚਤ ਵਿਅਕਤੀ ਦੀ ਅਟੁੱਟ ਮਾਨਸਿਕ ਵੇਦਨਾ ਅਤੇ ਅਨੰਤ ਦੀ ਭਾਲ ਹੈ। ਇਸ ਦਾ ਆਧਾਰ ਭਾਈ ਸਾਹਿਬ ਦਾ ਗੰਭੀਰ ਜੀਵਨ ਦਰਸ਼ਨ ਹੈ, ਜਿਸ ਵਿਚ ਸਿੱਖ ਅਧਿਆਤਮਕਤਾ ਦੇ ਤੱਤ ਵਿਸ਼ੇਸ਼ ਰੂਪ ਵਿਚ ਸਮਾਏ ਹੋਏ ਹਨ। ਇਸ ਰਚਨਾ ਵਿਚ ਭਾਈ ਸਾਹਿਬ ਦੀ ਕਲਾ ਤੇ ਸ਼ੈਲੀ ਵੀ ਨਿੱਖਰਨ ਲੱਗਦੀ ਹੈ। ਇਸ ਮਹਾਂਕਾਵਿ ਦਾ ਵਾਹਣ ਸਿਰਖੰਡੀ ਛੰਦ ਹੈ, ਜਿਸ ਦੇ ਪ੍ਰਬੰਧ ਵਿਚ ਆਇਆ ਹਰ ਸ਼ਬਦ ਵਿਸਮਾਦ ਪੈਦਾ ਕਰਕੇ ਟਿਕਾਓ ਦੀ ਸਥਿਤੀ ਉਤਪੰਨ ਕਰਦਾ ਹੈ। ਸਮੁੱਚੀ ਰਚਨਾ ਨੂੰ ਇਕੋ ਰਸ ਅਤੇ ਇਕੋ ਭਾਵਨਾਤਮਕ ਪੱਧਰ ਤੇ ਨਿਭਾਉਣ ਦਾ ਯਤਨ ਕੀਤਾ ਗਿਆ ਹੈ।

ਭਾਈ ਵੀਰ ਸਿੰਘ-ਕਾਵਿ ਦੇ ਵਿਕਾਸ ਦੀ ਤੀਜੀ ਸਥਿਤੀ 1906 ਤੋਂ 1956 ਈ. ਤੱਕ ਚਲਦੀ ਹੈ। ਇਸ ਨੂੰ ਭਾਈ ਸਾਹਿਬ ਦੀ ਕਾਵਿ-ਸਾਧਨਾ ਦਾ 'ਪ੍ਰੌਢ ਕਾਲ' ਅਥਵਾ 'ਉਤਕਰਸ਼ ਕਾਲ' ਕਿਹਾ ਜਾ ਸਕਦਾ ਹੈ। ਇਸ ਕਾਲ ਵਿਚ ਭਾਈ ਸਾਹਿਬ ਨੇ ਪੰਜ ਕਾਵਿ-ਕਿਰਤਾਂ 'ਲਹਿਰਾਂ ਦੇ ਹਾਰ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ, ਕੰਬਦੀ ਕਲਾਈ, 'ਮੇਰੇ ਸਾਈਆਂ ਜੀਓ ਅਤੇ ਦੋ ਲੰਮੇਰੀਆਂ ਕਵਿਤਾਵਾਂ 'ਪ੍ਰੀਤ ਵੀਣਾ' ਅਤੇ 'ਕੰਤ ਮਹੇਲੀ' ਪੰਜਾਬੀ ਪਾਠਕਾਂ ਨੂੰ ਪ੍ਰਦਾਨ ਕੀਤੀਆਂ। ਇਨ੍ਹਾਂ ਰਚਨਾਵਾਂ ਵਿਚ ਭਾਈ ਵੀਰ ਸਿੰਘ ਜੀਵਨ-ਰਹੱਸ ਨੂੰ ਸਮਝਣ ਦਾ, ਜੀਵਨ ਜੀਣ ਦੇ ਰਹੱਸ ਨੂੰ ਸਮਝਾਉਣ ਦਾ ਅਤੇ ਜੀਵਨ ਰਹੱਸ ਨੂੰ ਕਲਾ-ਰਹੱਸ ਨਾਲ ਇੱਕਮਿੱਕ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਕਵਿਤਾਵਾਂ ਵਿਚ ਉਹ ਸਪਸ਼ਟ ਕਰਦੇ ਹਨ ਕਿ ਜੀਵਨ ਆਦਰਸ਼ 'ਖੇੜਾ' ਹੈ। ਇਸ ਦੀ ਪ੍ਰਾਪਤੀ ਦਾ ਸਾਧਨ ਵਿਸਮਾਦ ਅਤੇ ਮਸਤੀ ਹੈ। ਇਸ ਪ੍ਰੇਮ ਦਾ ਮੂਲ ਰੂਪ ਆਨੰਦ ਨੂੰ ਯਾਦ ਰੱਖਦਿਆਂ ਕੁਦਰਤ ਤੇ ਮਨੁੱਖ ਨਾਲ ਕੋਮਲਤਾ ਭਰਪੂਰ ਸਾਂਝ ਅਤੇ ਵਤੀਰਾ ਹਨ। ਇਨ੍ਹਾਂ ਰੇਖਾਵਾਂ ਨੂੰ ਲੈ ਕੇ ਭਾਈ ਸਾਹਿਬ ਅਧਿਆਤਮਕ ਅਨੁਭਵ ਦੀਆਂ ਡੂੰਘਾਈਆਂ ਵਿਚ ਉਤਰਨ ਲੱਗਦੇ ਹਨ ਅਤੇ ਆਦਰਸ਼ ਦੇ ਸੁਪਨੇ ਉਲੀਕਣੇ ਸ਼ੁਰੂ ਕਰ ਦਿੰਦੇ ਹਨ। ਇਸ ਪੜਾਅ ਤੋਂ ਹੀ ਭਾਈ ਸਾਹਿਬ ਦੀ ਕਵਿਤਾ ਸਥੂਲ ਤੋਂ ਸੂਖਮ ਵੱਲ, ਦ੍ਰਿਸ਼ਟ ਤੋਂ ਅਦ੍ਰਿਸ਼ਟ ਵੱਲ ਅਤੇ ਗੋਚਰ ਤੋਂ ਅਗੋਚਰ ਵੱਲ ਵਧਦੀ ਹੈ।

ਇਨ੍ਹਾਂ ਕਵਿਤਾਵਾਂ ਦੀ ਰਚਨਾਤਮਕ ਪ੍ਰਕ੍ਰਿਆ ਦੇ ਦੌਰਾਨ ਆਪ ਦੇ ਮਨ-ਮਸਤਕ ਵਿਚ ਸਿੱਖ ਦਰਸ਼ਨ, ਗੁਰੂ ਬਾਣੀ ਅਤੇ ਭਾਰਤੀ ਰਹੱਸਵਾਦ ਵਿਸ਼ੇਸ਼ ਰੂਪ ਵਿਚ ਮੌਜੂਦ ਰਹੇ ਹਨ। ਇਸੇ ਲਈ ਇਸ ਕਾਲ ਦੇ ਦੌਰਾਨ ਆਪ ਵਲੋਂ ਰਚੀ ਗਈ ਹਰ ਕਵਿਤਾ ਅਨੁਭਵ ਦੀਆਂ ਇਨ੍ਹਾਂ ਪ੍ਰਣਾਲੀਆਂ ਦੇ ਖੇਤਰ ਵਿਚ ਆ ਟਿਕਦੀ ਹੈ। ਆਪਣੇ ਯੁੱਗ ਦੇ ਪਰੰਪਰਿਕ ਕਵੀਆਂ ਵਾਂਗ ਭਾਈ ਸਾਹਿਬ ਨੇ ਅਚੇਤ ਤੌਰ ਤੇ ਹੀ ਇਨ੍ਹਾਂ ਅਨੁਭਵ-ਪ੍ਰਣਾਲੀਆਂ ਨੂੰ ਆਪਣੀ ਅਭਿਵਿਅਕਤੀ ਦਾ ਪ੍ਰੇਰਨਾ-ਸਰੋਤ ਨਹੀਂ ਬਣਾਇਆ, ਸਗੋਂ ਬੜੇ ਸੁਚੇਤ ਰੂਪ ਵਿਚ ਆਪ ਨੇ ਭੌਤਿਕ ਅਤੇ ਅਧਿਆਤਮਕ ਜੀਵਨ ਦੇ ਪ੍ਰਸੰਗ ਵਿਚ ਆਪਣੀਆਂ ਪ੍ਰਤੀਕ੍ਰਿਆਵਾਂ ਨੂੰ ਉਕਤ-ਕਥਿਤ ਅਨੁਭਵ ਪ੍ਰਣਾਲੀਆਂ ਨਾਲ ਜੋੜਿਆ ਹੈ। ਜੋੜਨ ਦੀ ਇਸ ਪ੍ਰਕ੍ਰਿਆ ਵਿਚ ਕੇਵਲ ਅਨੁਕਰਣ ਜਾਂ ਅਨੁਸਰਣ ਦੇ ਭਾਵ ਹੀ ਪ੍ਰਮੁੱਖ ਨਹੀਂ ਰਹੇ, ਸਗੋਂ ਵਿਸ਼ਲੇਸ਼ਣ, ਵਿਵੇਚਨ ਅਤੇ ਤੁਲਨਾਤਮਕ ਅਧਿਐਨ ਦੁਆਰਾ ਭਾਈ ਵੀਰ ਸਿੰਘ ਨੇ ਆਪਣੇ ਅਨੁਭਵ ਅਤੇ ਅਭਿਵਿਅਕਤੀ ਨੂੰ ਆਪਣੇ ਵਿਅਕਤਿਤਵ ਦੀ ਪ੍ਰਮਾਣਿਕਤਾ ਅਤੇ ਯੁੱਗ ਦੀ ਪ੍ਰਾਸੰਗਕਤਾ ਪ੍ਰਦਾਨ ਕੀਤੀ ਹੈ। ਇਹ ਸਭ ਕੁਝ ਕਰਨ ਵਿਚ ਭਾਈ ਸਾਹਿਬ ਨੇ ਇਕ ਸਮਰੱਥ ਅਤੇ ਪ੍ਰਤਿਭਾ-ਸੰਪੰਨ ਕਲਾ-ਸ਼ਾਸਤਰੀ ਹੋਣ ਦਾ ਪਰਿਚੈ ਦਿੱਤਾ ਹੈ। ਕਾਵਿ ਦੀ ਆਤਮਾ, ਇਸ ਦੇ ਸੌਂਦਰਯ ਅਤੇ ਇਸ ਦੇ ਹੋਰ ਨਿਰਮਾਣਕਾਰੀ ਤੱਤਾਂ ਬਾਰੇ ਬੜੇ ਮੌਲਿਕ ਅਤੇ ਮਹੱਤਵਪੂਰਨ ਸਿਧਾਂਤ ਪ੍ਰਸਤੁਤ ਕੀਤੇ ਹਨ। ਇਨ੍ਹਾਂ ਸਿਧਾਂਤਾਂ ਨੂੰ ਅਸੀਂ ਪੱਛਮੀ ਅਤੇ ਭਾਰਤੀ ਕਾਵਿ-ਸਿਧਾਂਤਾਂ ਨਾਲ ਤੁਲਨਾ ਦਾ ਵਿਸ਼ਾ ਵੀ ਬਣਾ ਸਕਦੇ ਹਾਂ। ਇਨ੍ਹਾਂ ਵਿਚ ਕੁਝ ਸਮਾਨਤਾਵਾਂ ਤੇ ਵਿਰੋਧ ਲੱਭੇ ਜਾ ਸਕਦੇ ਹਨ ਪਰ ਪ੍ਰਮੁੱਖ ਤੌਰ ਤੇ ਇਹੀ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦੇ ਕਾਵਿ-ਸਿਧਾਂਤ ਭੌਤਿਕ ਅਤੇ ਅਧਿਆਤਮਕ ਜਗਤ ਪ੍ਰਤੀ ਆਪਣੀ ਨਿਵੇਕਲੀ ਅਤੇ ਵਿਲੱਖਣ ਪਹੁੰਚ ਦੇ ਪਰਿਚਾਇਕ ਅਥਵਾ ਲਖਾਇਕ ਹਨ।



-ਪ੍ਰੋ. ਨਵ ਸੰਗੀਤ ਸਿੰਘ, 1, ਲਤਾ ਗਰੀਨ ਐਨਕਲੇਵ, ਪਟਿਆਲਾ, 9417692015

ੴ ਸਤਿਗੁਰ ਪ੍ਰਸਾਦਿ ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ ।
ਘਲੇ ਆਵਹਿ ਨਾਨਕਾ ਸਦੇ ਉਠਿ ਜਾਹਿ ॥



ਆਪ ਸਭ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਜੀ. ਐਚ. ਜੀ. ਪਰਿਵਾਰ ਦੇ ਮੈਂਬਰ ਅਧਿਆਪਕ

# ਸ੍ਰੀ ਮਤੀ ਦਲਜੀਤ ਕੌਰ ਜੀ

## ਸੁਪਤਨੀ ਸ. ਹਰਭਜਨ ਸਿੰਘ ਜੀ

ਜੋ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ
ਇੱਕ ਸੜਕ ਹਾਦਸੇ ਦੌਰਾਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ
ਵਾਹਿਗੁਰੂ ਜੀ ਦੇ ਚਰਨਾਂ 'ਚ ਜਾ ਵਿਰਾਜੇ ਹਨ।
ਜੀ. ਐੱਚ. ਜੀ. ਪਰਿਵਾਰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।
ਵਾਹਿਗੁਰੂ ਜੀ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ।

ਜੀ .ਐੱਚ.ਜੀ ਅਕੈਡਮੀ ਵਿਖੇ ਅੱਜ
ਗੁਰਮਤਿ ਦਾ ਸੈਮੀਫਾਈਨਲ/ ਫਾਈਨਲ
ਮੁਕਾਬਲਾ ਹੋਣ ਜਾ ਰਿਹਾ ਸੀ ,ਉਹ ਹੁਣ
ਰੱਦ ਕੀਤਾ ਜਾ ਰਿਹਾ ਹੈ ਤੇ ਅਗਲੀ ਤਰੀਕ
ਲਈ ਤੁਹਾਨੂੰ ਸੂਚਿਤ ਕਰ ਦਿੱਤਾ ਜਾਵੇਗਾ।
-ਮੱਲੀ ਪਰਿਵਾਰ

ਆਵਾਜ਼ਿ ਕੌਮ AWAZE QAUM International Newspaper & WEB TV

## ਦੁਖੀ ਹਿਰਦੇ

ਸਮੂਹ ਜੀ. ਐਚ. ਜੀ. ਅਕੈਡਮੀ
ਮੋ. 98556-12227

### ਸ੍ਰੀ ਅਕਾਲ ਤਖ਼ਤ ਦੀ ਪ੍ਰਭੂਸੱਤਾ ਨੂੰ ਬਹਾਲ ਕਰਨ ਲਈ

# ਕੀਤੇ ਗਏ ਫੈਸਲੇ ਮਹੱਤਵਪੂਰਨ ਕਦਮ: ਸਿੱਖ ਫੈਡਰੇਸ਼ਨ ਯੂਕੇ



**ਨਵੀਂ ਦਿੱਲੀ 4 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):-** ਸਿੱਖ ਫੈਡਰੇਸ਼ਨ (ਯੂ.ਕੇ.) ਦੀ ਲੀਡਰਸ਼ਿਪ ਨੇ ਇਸ ਦੇ ਰਣਨੀਤੀ ਬੋਰਡ ਅਤੇ ਕੌਮੀ ਕਾਰਜਕਾਰਨੀ ਟੀਮ ਨਾਲ ਮਿਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਹਾਲ ਹੀ ਵਿੱਚ ਕੀਤੇ ਜਨਤਕ ਐਲਾਨਾਂ ਦਾ ਪੁਰਜ਼ੋਰ ਸਮਰਥਨ ਕੀਤਾ ਹੈ। ਉਹਨਾਂ ਨੇ ਉਸ ਇਤਿਹਾਸਕ ਪਲ ਦੀ ਸ਼ਲਾਘਾ ਕੀਤੀ ਜਦੋਂ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੀ ਲੀਡਰਸ਼ਿਪ ਨੂੰ ਉਹਨਾਂ ਦੀਆਂ ਗਲਤੀਆਂ ਲਈ ਜਨਤਕ ਤੌਰ 'ਤੇ ਜਵਾਬਦੇਹ ਠਹਿਰਾਇਆ ਗਿਆ ਸੀ, ਜਿਸ ਨੂੰ ਉਹ ਅਕਾਲ ਤਖ਼ਤ ਦੀ ਪ੍ਰਭੂਸੱਤਾ ਨੂੰ ਬਹਾਲ ਕਰਨ ਲਈ ਇੱਕ ਮਹੱਤਵਪੂਰਨ ਪਹਿਲਾ ਕਦਮ ਮੰਨਦੇ ਹਨ। ਫੈਡਰੇਸ਼ਨ ਨੇ ਸਿੱਖ ਪੰਥ ਨਾਲ ਲੰਬੇ ਸਮੇਂ ਤੋਂ ਕੀਤੇ ਗਏ ਵਿਸ਼ਵਾਸਘਾਤ ਨੂੰ ਉਜਾਗਰ ਕਰਦੇ ਹੋਏ "ਫਖਰ-ਏ-ਕੌਮ" ਖਿਤਾਬ ਨੂੰ ਹਟਾਉਣ ਦਾ ਵੀ ਸਮਰਥਨ ਕੀਤਾ, ਜੋ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਸੀ। ਫੈਡਰੇਸ਼ਨ ਨੇ ਬਾਦਲ ਦੇ ਨਿਰਦੇਸ਼ਾਂ ਹੇਠ, ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕਰਨ ਅਤੇ 1984 ਤੋਂ ਬਾਅਦ ਦੇ ਅੱਤਿਆਚਾਰਾਂ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਵਿੱਚ ਅਸਫਲ ਰਹਿਣ ਲਈ ਅਕਾਲੀ ਲੀਡਰਸ਼ਿਪ ਦੀ ਸਖ਼ਤ ਆਲੋਚਨਾ ਕੀਤੀ। ਫੈਡਰੇਸ਼ਨ ਪ੍ਰਧਾਨ ਭਾਈ ਅਮਰੀਕ ਸਿੰਘ, ਪ੍ਰਮੁੱਖ ਸਲਾਹਕਾਰ ਭਾਈ ਦਵਿੰਦਰਜੀਤ ਸਿੰਘ, ਮੈਂਬਰ ਭਾਈ ਹਰਦੀਪ ਸਿੰਘ ਅਤੇ ਭਾਈ ਨਰਿੰਦਰਜੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਅੰਦਰ ਏਕਤਾ ਅਤੇ ਇਸ ਦੀ ਭਰੋਸੇਯੋਗਤਾ ਨੂੰ ਨਵਿਆਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਸੁਖਬੀਰ ਬਾਦਲ ਸਮੇਤ ਲੀਡਰਸ਼ਿਪ ਨੂੰ ਜਨਤਕ ਅਤੇ ਸਿਆਸੀ ਜੀਵਨ ਤੋਂ ਸਥਾਈ ਤੌਰ 'ਤੇ ਹਟਾਉਣ ਨੂੰ ਯਕੀਨੀ ਬਣਾਉਣ ਲਈ ਸਖ਼ਤ ਕਦਮ ਚੁੱਕਣ ਦਾ ਸੱਦਾ ਦਿੱਤਾ।

ਸੁਖਬੀਰ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੂੰ ਦਿੱਤੀਆਂ ਗਈਆਂ ਧਾਰਮਿਕ ਸਜ਼ਾਵਾਂ ਸਿਰਫ਼ ਗੁੱਟ 'ਤੇ ਚਪੇੜ ਹਨ ਅਤੇ ਇਨ੍ਹਾਂ ਨੂੰ ਜਨਤਕ ਅਤੇ ਸਿਆਸੀ ਜੀਵਨ ਤੋਂ ਪੱਕੇ ਤੌਰ 'ਤੇ ਹਟਾਉਣ ਲਈ ਸਖ਼ਤ ਕਾਰਵਾਈਆਂ ਕਰਨ ਦੀ ਲੋੜ ਹੈ ਕਿਉਂਕਿ ਪਿਛਲੇ ਤਿੰਨ ਦਹਾਕਿਆਂ ਦੌਰਾਨ ਮਹੱਤਵਪੂਰਨ ਮਾਮਲਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਉਨ੍ਹਾਂ ਨੂੰ ਪੰਥ ਨੂੰ ਫੇਲ੍ਹ ਕਰਨ ਲਈ ਅਕਾਲ ਤਖ਼ਤ 'ਤੇ ਦੋਸ਼ੀ ਕਰਾਰ ਦਿੱਤਾ ਗਿਆ ਹੈ।

### ਦੋਸ਼ੀ ਸੁਖਬੀਰ ਬਾਦਲ ਸਮੇਤ ਸਮੂਹ ਲੀਡਰਸ਼ਿਪ ਨੂੰ ਜਨਤਕ ਅਤੇ ਸਿਆਸੀ ਜੀਵਨ ਤੋਂ ਸਥਾਈ ਤੌਰ 'ਤੇ ਹਟਾਉਣ ਦੀ ਅਪੀਲ

ਇਹ ਮੰਨਿਆ ਗਿਆ ਕਿ ਕੇਂਦਰੀ ਏਜੰਸੀਆਂ ਨੇ ਅਕਾਲ ਤਖ਼ਤ ਦੇ ਕਾਰਜਾਂ ਵਿੱਚ ਦਖ਼ਲਅੰਦਾਜ਼ੀ ਕੀਤੀ ਸੀ ਅਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀਆਂ ਕਾਰਵਾਈਆਂ ਅਨੈਤਿਕ ਸਨ। ਉਸ ਨੂੰ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਸੁਪਰੀਮ ਸਿੱਖ ਸੁਪਰੀਮ ਸੀਟ ਨੂੰ ਗੁੰਮਰਾਹ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ 2015 ਵਿੱਚ ਦਿੱਤੀ ਗਈ ਵਿਵਾਦਤ ਮਾਫੀ ਵਿੱਚ ਉਸਦੀ ਭੂਮਿਕਾ ਲਈ ਉਸਦੀ ਆਲੋਚਨਾ ਹੋਈ ਸੀ। ਉਹ 2011 ਵਿਚ ਵੀ ਜਥੇਦਾਰ ਸਨ ਜਦੋਂ ਪ੍ਰਕਾਸ਼ ਸਿੰਘ ਬਾਦਲ ਨੂੰ ਵਿਵਾਦਿਤ ਤੌਰ 'ਤੇ ਫਖਰ-ਏ-ਕੌਮ ਨਾਲ ਸਨਮਾਨਿਤ ਕੀਤਾ ਗਿਆ ਸੀ। ਜਥੇਦਾਰਾਂ ਨੇ ਵਿਰੋਧੀ ਅਕਾਲੀ ਧੜਿਆਂ ਨੂੰ ਸਮਾਨੰਤਰ ਢਾਂਚੇ ਨੂੰ ਤੋੜ ਕੇ ਪਾਰਟੀ ਨੂੰ ਇਕਜੁੱਟ ਕਰਨ ਲਈ ਕੰਮ ਕਰਨ ਦੇ ਨਿਰਦੇਸ਼ ਦਿੱਤੇ ਹਨ। 1986 ਵਿੱਚ ਅਕਾਲੀ ਦਲ ਨੂੰ ਇੱਕਜੁੱਟ ਕਰਨ ਦੀ ਪਿਛਲੀ ਕੋਸ਼ਿਸ਼ ਸੁਰਜੀਤ ਸਿੰਘ ਬਰਨਾਲਾ ਦੇ ਵਿਰੋਧ ਕਾਰਨ ਅਸਫਲ ਹੋ ਗਈ ਸੀ ਜਿਸ ਨੂੰ 1987 ਵਿੱਚ ਬਰਖਾਸਤ ਕਰ ਦਿੱਤਾ ਗਿਆ ਸੀ। 1994 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲ ਤਖ਼ਤ ਦੇ ਨਿਰਦੇਸ਼ਾਂ ਦਾ ਵਿਰੋਧ ਕੀਤਾ ਅਤੇ ਏਕਤਾ ਦੀਆਂ ਕੋਸ਼ਿਸ਼ਾਂ ਨੂੰ ਪਟੜੀ ਤੋਂ ਉਤਾਰ ਦਿੱਤਾ। ਇਹ ਇਕ ਹੋਰ ਕਾਰਨ ਹੈ ਕਿ ਵਰਕਿੰਗ ਕਮੇਟੀ ਨੂੰ ਇਤਿਹਾਸ ਤੋਂ ਸਬਕ ਸਿੱਖਣਾ ਚਾਹੀਦਾ ਹੈ ਅਤੇ ਸੁਖਬੀਰ ਬਾਦਲ ਅਤੇ ਮੌਜੂਦਾ ਅਸਫਲ ਅਕਾਲੀ ਲੀਡਰਸ਼ਿਪ ਨੂੰ ਪੱਕੇ ਤੌਰ 'ਤੇ ਖੁਰਦ-ਬੁਰਦ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਤਨਖ਼ਾਹ ਭੁਗਤ ਰਹੇ ਸੁਖਬੀਰ ਬਾਦਲ 'ਤੇ ਗੋਲੀ ਚਲਾਉਣ ਵਾਲੇ ਵਿਰੁੱਧ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਕਰਨ -ਪ੍ਰੋ. ਸਰਚਾਂਦ ਸਿੰਘ



**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਸਾਬਕਾ ਕਾਰਜਕਾਰੀ ਪ੍ਰਧਾਨ, ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਪੂਰੀ ਕਰਨ ਖ਼ਾਤਰ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਵਾਲੀ ਡਿਊਟੀ ਦੇ ਬਾਹਰ ਬੈਠ ਕੇ ਸੇਵਾ ਨਿਭਾਅ ਰਹੇ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਅਕਾਲ ਫੈਡਰੇਸ਼ਨ ਦੇ ਸਾਬਕਾ ਮੁਖੀ ਤੇ ਹੁਣ ਦਲ ਖ਼ਾਲਸਾ ਦਾ ਆਗੂ ਦੱਸਿਆ ਜਾ ਰਿਹਾ ਨਰਾਇਣ ਸਿੰਘ ਚੌੜਾ ਵੱਲੋਂ ਗੋਲੀ ਚਲਾ ਕੇ ਕੀਤੇ ਗਏ ਜਾਨ ਲੇਵਾ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਤਨਖ਼ਾਹ ਭੁਗਤ ਰਹੇ ਸੁਖਬੀਰ ਬਾਦਲ 'ਤੇ ਗੋਲੀ ਚਲਾਉਣ ਵਾਲੇ ਵਿਰੁੱਧ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਤਨਖ਼ਾਹ ਪੂਰੀ ਕਰ ਰਿਹਾ ਹੋਣ ਕਰਕੇ ਉਸ ਵਕਤ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸੀ। ਇਸ ਲਈ ਉਸ 'ਤੇ ਕੀਤਾ ਗਿਆ ਹਮਲਾ ਇਕ ਤਰਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸਾਹਿਬ ਦੇ ਫ਼ੈਸਲੇ 'ਤੇ ਹਮਲਾ ਹੈ। ਸਿੱਖ ਪਰੰਪਰਾ ਅਨੁਸਾਰ ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਗੁਨਾਹਾਂ ਲਈ ਤਨਖ਼ਾਹ ਲਗਾ ਦਿੱਤੀ ਸੀ ਤਾਂ ਕਿਸੇ ਵੀ ਸਿੱਖ ਮਾਈ ਭਾਈ ਨੂੰ ਸੁਖਬੀਰ ਸਿੰਘ ਬਾਦਲ ਨੂੰ ਨੁਕਸਾਨ ਪਹੁੰਚਾਉਣ ਕੋਈ ਹੱਕ ਨਹੀਂ ਹੈ। ਅਜਿਹਾ ਕਰਨ ਵਾਲਾ ਗੁਰੂ ਦਾ ਸੱਚਾ ਸਿੱਖ ਹੋ ਹੀ ਨਹੀਂ ਸਕਦਾ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਿਰਮੌਰ ਅਦਾਲਤ ਹੈ। ਇੱਥੋਂ ਦਿੱਤੇ ਗਏ ਹੁਕਮਾਂ ਨੂੰ ਮੰਨਣਾ ਹਰ ਗੁਰਸਿੱਖ ਲਈ ਲਾਜ਼ਮੀ ਹੈ। ਕੋਈ ਉਕਤ ਆਦੇਸ਼ ਨਾਲ ਅਸਹਿਮਤੀ ਹੈ ਤਾਂ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਹੁੰਚ ਤੇ ਅਪੀਲ ਕੀਤੀ ਜਾ ਸਕਦੀ ਹੈ। ਪ੍ਰੋ. ਸਰਚਾਂਦ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਮਲਾਵਰ ਵਿਰੁੱਧ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਪੂਰੀ ਕਰਨ ਖ਼ਾਤਰ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਵਾਲੀ ਡਿਊਟੀ ਦੇ ਬਾਹਰ ਬੈਠ ਕੇ ਸੇਵਾ ਨਿਭਾਅ ਰਹੇ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਕੇ ਹਮਲਾਵਰ ਨੇ ਸਿੱਖ ਪੰਥ ਦੀ ਆਨ ਤੇ ਸ਼ਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਟਿੱਚ ਜਾਣਿਆ ਅਤੇ ਸਿੱਖਾਂ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ, ਭਾਵੇਂ ਕਿ ਗੋਲੀ ਚਲਾਉਣ ਵਾਲਾ ਹਮਲਾਵਰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ, ਫਿਰ ਵੀ ਇਸ ਹਮਲੇ ਪਿੱਛੇ ਪੰਜਾਬ ਦੀ ਅਮਨ ਸ਼ਾਂਤੀ ਨੂੰ ਲਾਂਬੂ ਲਾਉਣ ਦੀ ਗਹਿਰੀ ਸਾਜ਼ਿਸ਼ ਕਰਨ ਵਾਲਿਆਂ ਦਾ ਪਤਾ ਲਗਾਇਆ ਜਾਣਾ ਚਾਹੀਦਾ ਹੈ। ਹਮਲਾ ਸਰਕਾਰ ਦੀ ਅਣਗਹਿਲੀ ਦਾ ਵੀ ਨਤੀਜਾ ਹੈ, ਮੁੱਖ ਮੰਤਰੀ ਨੂੰ ਇਸ ਬਾਰੇ ਆਪਣੀ ਜ਼ਿੰਮੇਵਾਰੀ ਕਬੂਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਪੰਜਾਬ ਦੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਇਹ ਵੱਡੀ ਸਾਜ਼ਿਸ਼ ਰਚੀ ਗਈ ਹੈ। ਜਿਸ ਤੋਂ ਸਿੱਖ ਸੰਗਤ ਅਤੇ ਸਮੂਹ ਪੰਜਾਬੀਆਂ ਸੁਚੇਤ ਰਹਿਣ ਦੀ ਲੋੜ ਹੈ।

## ਸੁਖਬੀਰ ਬਾਦਲ ਤੇ ਹੋਏ ਜਾਨਲੇਵਾ ਹਮਲੇ ਪਿੱਛੇ ਕੰਮ ਕਰ ਰਹੀਆਂ ਏਜੰਸੀਆਂ ਨੂੰ ਸਾਹਮਣੇ ਲਿਆਂਦਾ ਜਾਵੇ : ਪ੍ਰੋ. ਬਡੂੰਗਰ



**ਪਟਿਆਲਾ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਪੂਰੀ ਕਰਨ ਲਈ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਹਿਬ ਦੇ ਘੰਟਾ ਘਰ ਵਾਲੀ ਡਿਊਟੀ ਦੇ ਬਾਹਰ ਬੈਠ ਕੇ ਸੇਵਾ ਨਿਭਾਅ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਕੀਤੇ ਗਏ ਜਾਨ ਲੇਵਾ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਸਾਰੀਆਂ ਸਰਕਾਰੀ ਸੁਰੱਖਿਆ ਏਜੰਸੀਆਂ ਫੇਲ ਹੋ ਕੇ ਰਹਿ ਗਈਆਂ ਹਨ ਤੇ ਜੇਕਰ ਉਹ ਚੌਕਸੀ ਵਰਤਦੀਆਂ ਤਾਂ ਵਰਤਾਰਾ ਹੋਣ ਤੋਂ ਰੋਕਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਜਾਨਲੇਵਾ ਹਮਲੇ ਦੀ ਸਰਕਾਰੀ ਵਲੋਂ ਉਚ ਪੱਧਰੀ ਜਾਂਚ ਕਰਵਾ ਕੇ ਇਸ ਪਿੱਛੇ ਕੰਮ ਕਰ ਰਹੀਆਂ ਏਜੰਸੀਆਂ ਨੂੰ ਸਾਹਮਣੇ ਲਿਆਂਦਾ ਜਾਣਾ ਹੈ। ਉਹਨਾਂ ਕਿਹਾ ਕਿ ਗੁਰੂ ਘਰਾਂ ਵਿੱਚ ਇਹੋ ਜਿਹੀਆਂ ਕਾਰਵਾਈਆਂ ਕਿਸੇ ਵੀ ਹਾਲਤ ਵਿੱਚ ਸ਼ੋਭਾ ਨਹੀਂ ਦਿੰਦੀਆਂ।

## ਪਿੰਡਾਂ 'ਚ ਵਿਕਾਸ ਅਤੇ ਸਮਾਜਿਕ ਬੁਰਾਈਆਂ ਦੇ ਮੁਕੰਮਲ ਖਾਤਮੇ ਲਈ ਪੰਚਾਇਤਾਂ ਅੱਗੇ ਆਉਣ : ਚੇਅਰਮੈਨ ਘੁੱਲੀ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਦਫ਼ਤਰ ਇੰਚਾਰਜ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਵੱਲੋਂ ਪੰਚਾਇਤ ਯੂਨੀਅਨ ਬਲਾਕ ਧੂਰੀ ਦੇ ਪ੍ਰਧਾਨ ਸਰਪੰਚ ਜਗਸੀਰ ਸਿੰਘ ਜੱਗਾ ਭੋਜੋਵਾਲੀ ਦਾ ਪੰਚਾਇਤ ਯੂਨੀਅਨ ਦੇ ਪ੍ਰਧਾਨ ਬਣਨ ਤੇ ਵਿਸ਼ੇਸ ਸਨਮਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਚਾਇਤੀ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਹੁਣ ਤੋਂ ਹੀ ਜੁੱਟ ਜਾਣ ਤਾਂ ਜੋ ਸਰਕਾਰ ਵਲੋਂ ਚਲਾਈਆ ਜਾਂਦੀਆਂ ਲੋਕ ਭਲਾਈ ਸਕੀਮਾਂ ਅਤੇ ਵਿਕਾਸ ਕਾਰਜਾਂ ਦਾ ਲਾਭ ਲੋਕਾਂ ਤੱਕ ਜਲਦ ਤੋਂ ਜਲਦ ਪਹੁੰਚਇਆ ਜਾ ਸਕੇ। ਪੰਜਾਬ ਸਰਕਾਰ ਸੂਬੇ ਵਿਚ ਰਿਕਾਰਡ ਤੋੜ ਵਿਕਾਸ ਕਰਵਾਉਣ ਦੇ ਨਾਲ ਨਾਲ ਨਸ਼ਿਆਂ ਵਰਗੀ ਸਮਾਜਿਕ ਬੁਰਾਈ ਨੂੰ ਜੜੋਂ ਖਤਮ ਕਰਨ ਲਈ ਪੰਚਾਇਤਾਂ ਅੱਗੇ ਆਉਣ । ਇਸ ਮੌਕੇ ਸਰਪੰਚ ਲਾਲੀ ਬੰਗਾਵਾਲੀ, ਸਰਪੰਚ ਬਿੱਲਾ ਸਾਹੀਵਾਲ, ਸਰਪੰਚ ਜੱਗਾ ਭੋਜੋਵਾਲੀ, ਸਰਪੰਚ ਗੋਪੀ ਮੀਮਸਾ, ਸਰਪੰਚ ਸਿਮਰਨਜੀਤ ਸਿੰਘ ਕਾਲਾ ਬਟੂਹਾ , ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਅਮਨਦੀਪ ਸਿੰਘ ਰਣੀਕੇ, ਸਰਪੰਚ ਜਗਜੀਤ ਸਿੰਘ ਕੱਕੜਵਾਲ, ਸਰਪੰਚ ਬਲਵੀਰ ਸਿੰਘ ਈਸੀ,ਸਰਪੰਚ ਭਗਵਾਨ ਸਿੰਘ ਭਲਵਾਨ,ਸਰਪੰਚ ਰਵਿੰਦਰ ਕੁਮਾਰ ਰਿੰਕਾ, ਸਰਪੰਚ ਗੋਗਾ ਦੁਗਨੀ, ਸਰਪੰਚ ਡਾ ਅਮਨ ਜਾਤੀਮਾਜਰਾ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਰਾਮ ਸਿੰਘ ਨੱਤ, ਸਰਪੰਚ ਗੁਰਸੇਵਕ ਸਿੰਘ ਕੁੰਭੜਵਾਲ, ਰਣਜੀਤ ਸਿੰਘ ਧੰਦੀਵਾਲ, ਮਾਣਾ ਗਰੇਵਾਲ, ਕੁਲਦੀਪ ਸਿੰਘ ਬੁੱਟਰ, ਰੋਮੀ ਦੌਲਤਪੁਰ, ਆਪ ਆਗੂ ਗੁਰਵਿੰਦਰ ਸਿੰਘ ਘਰਾਗਣਾ, ਆਪ ਆਗੂ ਦਾਰਾ ਸਿੰਘ ਭੋਜੋਵਾਲੀ , ਆਪ ਆਗੂ ਹਰਵਿੰਦਰ ਸਿੰਘ ਬਰੜਵਾਲ ਹਾਜ਼ਰ ਸਨ।

## 2500 ਰੁਪਏ ਰਿਸ਼ਵਤ ਲੈਣ ਵਾਲੇ ਵਣ ਗਾਰਡ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

ਬਠਿੰਡਾ, 4 ਦਸੰਬਰ (ਗੁਰਜੰਟ ਸਿੰਘ ਨਥੇਹਾ)- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜ਼ਿਲ੍ਹਾ ਜੰਗਲਾਤ ਵਿਭਾਗ ਮਾਨਸਾ ਵਿਖੇ ਤਾਇਨਾਤ ਇੱਕ ਵਣ ਗਾਰਡ ਮਨਪ੍ਰੀਤ ਸਿੰਘ ਨੂੰ



2500 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਾਜ਼ਮ ਨੂੰ ਗੁਰਪ੍ਰੀਤ ਸਿੰਘ ਵਾਸੀ ਖੋਖਰ ਰੋਡ, ਮਾਨਸਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਕਿ ਉਹ ਇੱਕ ਮਸ਼ੀਨੀ ਰੇਹੜੀ ਚਲਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ ਅਤੇ ਉਸਨੇ ਸੜਕ ਕਿਨਾਰੇ ਇੱਕ ਲੱਕੜ ਦਾ ਟੁਕੜਾ ਦੇਖਿਆ ਅਤੇ ਆਪਣੀ ਮੋਟਰ ਰੇਹੜੀ ਵਿੱਚ ਲੱਦ ਲਿਆ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਜਦੋਂ ਉਹ ਰਸਤੇ ਵਿੱਚ ਜਾ ਰਿਹਾ ਸੀ ਤਾਂ ਉਕਤ ਵਣ ਗਾਰਡ ਨੇ ਉਸਨੂੰ ਲੱਕੜ ਚੋਰੀ ਕਰਨ ਦੇ ਦੋਸ਼ ਵਿੱਚ ਜੁਰਮਾਨਾ ਕਰਨ ਦੀ ਧਮਕੀ ਦਿੱਤੀ ਅਤੇ ਕੋਈ ਕਾਰਵਾਈ ਨਾ ਕਰਨ ਬਦਲੇ ਉਸਨੂੰ 5,000 ਰੁਪਏ ਦੀ ਰਿਸ਼ਵਤ ਦੇਣ ਲਈ ਕਿਹਾ। ਸ਼ਿਕਾਇਤ ਅਨੁਸਾਰ 4,000 ਰੁਪਏ ਵਿੱਚ ਸੌਦਾ ਤੈਅ ਹੋ ਗਿਆ ਅਤੇ ਉਕਤ ਮੁਲਾਜ਼ਮ 1400 ਰੁਪਏ ਪਹਿਲੀ ਕਿਸ਼ਤ ਵੀ ਲੈ ਚੁੱਕਾ ਹੈ ਅਤੇ ਬਾਕੀ ਰਕਮ ਦੀ ਮੰਗ ਕਰ ਰਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਦੋਸ਼ੀ ਜੰਗਲਾਤ ਗਾਰਡ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਬਾਕੀ ਬਚੀ 1100 ਰੁਪਏ ਦੀ ਰਕਮ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਉਸ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਜੋਗਿੰਦਰ ਸਿੰਘ ਖਾਲਸਾ ਨੇ ਕੀਤੀ ਰਾਸ਼ਟਰਪਤੀ ਧਨਖੜ ਦੇ ਬਿਆਨ ਦੀ ਕੀਤੀ ਸ਼ਲਾਘਾ

### ਸੁਖਬੀਰ ਬਾਦਲ ਤੇ ਗੋਲੀ ਚਲਾਉਣ ਵਾਲੇ ਨੂੰ ਤੁਰੰਤ ਸਲਾਖਾਂ ਪਿੱਛੇ ਕੀਤਾ ਜਾਵੇ ਖਾਲਸਾ

**ਧੂਰੀ (ਰਣਜੀਤ ਸਿੰਘ ਪੇਧਨੀ)**-ਉਪ ਰਾਸ਼ਟਰਪਤੀ ਧਨਖਣ ਸਾਹਿਬ ਵੱਲੋ ਖੇਤੀ ਮੰਤਰੀ ਨੂੰ ਤਾੜਨਾ ਕੀਤੀ ਕਿ ਕਿਸਾਨ ਅੰਦੋਲਨ ਰਾਹੀਂ ਜੋ ਕਿਸਾਨਾਂ ਦੇ ਨਾਲ ਵਾਅਦੇ



ਕੀਤੇ ਸਨ ਉਨ੍ਹਾਂ ਨੂੰ ਤਰੁੰਤ ਹੱਲ ਕੀਤਾ ਜਾਵੇ ਤਾ ਜੋ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਠੱਲ ਪਾਈ ਜਾ ਸਕੇ। ਇਸ ਦਾ ਸਵਾਗਤ ਕਰਦਿਆਂ ਭਾਜਪਾ ਪੰਜਾਬ ਕਿਸਾਨ ਵਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਜੋਗਿੰਦਰ ਸਿੰਘ ਖਾਲਸਾ ਹਲਕਾ ਇੰਚਾਰਜ ਮਹਿਲ ਕਲਾਂ ਨੇ ਕਿਹਾ ਰਾਸਟਰਪਤੀ ਧਨਖੜ ਜੀ ਫੈਸਲਾ ਬਹੁਤ ਹੀ ਸਲਾਘਾਯੋਗ ਹੈ ਉਹਨਾਂ ਕਿਹਾ ਕਿ ਪੰਜਾਬ ਵਿੱਚ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਸ ਦਿਨ ਤੋਂ ਪੰਜਾਬ ਦੇ ਹਾਲਾਤ ਬਹੁਤ ਗੰਭੀਰ ਚੱਲੇ ਆ ਰਹੇ ਹਨ। ਕੋਈ ਵੀ ਵਿਅਕਤੀ ਆਪਣੇ ਘਰ ,ਪਿੰਡ, ਸ਼ਹਿਰ ,ਨਗਰ ਵਿੱਚ ਸੇਫ ਨਹੀਂ ਹੈ। ਉਹਨਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ, ਸੁਖਬੀਰ ਸਿੰਘ ਬਾਦਲ ਤੇ ਸਾਜਿਸ ਤਹਿਤ ਚਲਾਈ ਗਈ ਗੋਲੀ ਦੀ ਨਿਖੇਦੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਹਾਲਾਤ ਸੰਭਲ ਨਹੀਂ ਰਹੇ। ਪੰਜਾਬ ਵਿੱਚ ਗੈਂਗਵਾਰ ਗੁਡਾਗਰਦੀ ਗੈਂਗ ਸੈਟਰ ਦਿਨ ਦਿਹਾੜੇ ਘੁੰਮ ਰਹੇ ਹਨ। ਜਿਸ ਵਿੱਚ ਪੰਜਾਬ ਦੀ ਮੌਜੂਦਾ ਸਰਕਾਰ ਹਰ ਫ਼ਰੰਟ ਤੇ ਫੇਲ ਸਾਬਤ ਹੋ ਰਹੀ ਹੈ।

### ਪੁਲਸੀਆ ਧੱਕੇਸ਼ਾਹੀ ਖਿਲਾਫ਼ ਪੱਤਰਕਾਰ ਭਾਈਚਾਰਾ ਹੋਇਆ ਇਕਜੁਟ

# 10 ਦਸੰਬਰ ਤੱਕ ਸੰਘਰਸ਼ ਵਿੱਢਣ ਦੀ ਦਿੱਤੀ ਚਿਤਾਵਨੀ



**ਫ਼ਿਰੋਜ਼ਪੁਰ, 4 ਦਸੰਬਰ (ਮਨੋਹਰ ਲਾਲ) :—** ਜ਼ਿਲ੍ਹਾ ਫਿਰੋਜ਼ਪੁਰ ਦੇ ਪੱਤਰਕਾਰ ਭਾਈਚਾਰੇ ਨੂੰ ਫੀਲਡ ਵਿੱਚ ਦਰਪੇਸ਼ ਸਮੱਸਿਆਵਾਂ ਅਤੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਕੀਤੀ ਜਾ ਰਹੀ ਬੇਲੋੜੀ ਦੇਰੀ ਤੋਂ ਅੱਕੇ ਜ਼ਿਲ੍ਹੇ ਭਰ ਦੇ ਪੱਤਰਕਾਰਾਂ ਦੀ ਇੱਕ ਹੰਗਾਮੀ ਮੀਟਿੰਗ ਸਤਲੁਜ ਪ੍ਰੈਸ ਕਲੱਬ ਫਿਰੋਜ਼ਪੁਰ ਵਿਖੇ ਕਲੱਬ ਪ੍ਰਧਾਨ ਗੁਰਨਾਮ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਫਿਰੋਜ਼ਪੁਰ ਦੇ ਸਥਾਨਕ ਪੱਤਰਕਾਰਾਂ ਤੋਂ ਇਲਾਵਾ ਮਮਦੋਟ, ਗੁਰਹਰਸਹਾਏ, ਜ਼ੀਰਾ, ਤਲਵੰਡੀ ਭਾਈ, ਮੱਖੂ, ਮੱਲਾਂਵਾਲਾ, ਮੁੱਦਕੀ, ਦਿਹਾਤੀ ਆਦਿ ਕਸਬਿਆਂ ਦੀਆਂ ਪ੍ਰੈਸ ਕਲੱਬਾਂ ਦੇ ਪ੍ਰਧਾਨਾਂ ਅਤੇ ਨੁਮਾਇੰਦਿਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਫਿਰੋਜ਼ਪੁਰ ਪ੍ਰਸ਼ਾਸਨ ਖਾਸ ਕਰ ਪੁਲਿਸ ਪ੍ਰਸ਼ਾਸਨ ਵੱਲੋਂ ਫਿਰੋਜ਼ਪੁਰ ਵਿੱਚ ਵਧੀਆਂ ਲੁੱਟਾਂ ਖੋਹਾਂ, ਨਸ਼ਿਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਇਨਸਾਫ਼ ਲੈਣ ਲਈ ਪੁਲਿਸ ਦਰਬਾਰ ਪਹੁੰਚੇ ਪੀੜਤਾਂ ਨੂੰ ਇਨਸਾਫ਼ ਦੇਣ ਤੋਂ ਟਾਲਾ ਵੱਟਣ ਵਾਲੇ ਅਧਿਕਾਰੀਆਂ, ਕਰਮਚਾਰੀਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਪੱਤਰਕਾਰ ਭਾਈਚਾਰੇ ਨੂੰ ਨਿਸ਼ਾਨਾ ਬਣਾਏ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਵੱਖ—ਵੱਖ ਬੁਲਾਰਿਆਂ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਨੂੰ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਲਿਆਉਣਾ ਅਤੇ ਸਮਾਜ ਵਿਰੋਧੀ ਅਨਸਰਾਂ, ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣੀ ਚਾਹੀਦੀ ਹੈ ਨਾ ਕਿ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਤੇ ਸਵਾਲ ਚੁੱਕਣ ਵਾਲੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜਿਹੜਾ ਕਿ ਪੁਲਿਸ ਵੱਲੋਂ ਪਿਛਲੇ ਕੁਝ ਸਮੇਂ ਤੋਂ ਕੀਤਾ ਜਾ ਰਿਹਾ ਹੈ। ਅੱਜ ਦੀ ਮੀਟਿੰਗ ਵਿੱਚ ਜ਼ਿਲ੍ਹਾ ਹੈਡਕੁਆਰਟਰ ਤੋਂ ਇਲਾਵਾ ਵੱਖ—ਵੱਖ ਕਸਬਿਆਂ ਵਿੱਚ ਕਾਰਜਸ਼ੀਲ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਪ੍ਰਸ਼ਾਸਨਿਕ ਪੱਧਰ ਤੇ ਉਠਾਉਣ ਲਈ ਸਮੂਹ ਪ੍ਰੈਸ ਕਲੱਬਾਂ ਦੀ ਇੱਕ ਸਾਂਝੀ ਤਾਲਮੇਲ ਕਮੇਟੀ ਗਠਨ ਕਰਨ ਦਾ ਫੈਸਲਾ ਲਿਆ ਗਿਆ ਜਿਸ ਵਿੱਚ ਸਮੂਹ ਪ੍ਰੈਸ ਕਲੱਬਾਂ ਦੇ ਨੁਮਾਇਦੇ ਸ਼ਾਮਲ ਹੋਣਗੇ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਦਿਆਂ ਪੱਤਰਕਾਰ ਭਾਈਚਾਰੇ ਨਾਲ ਸਬੰਧਤ ਪਿਛਲੇ ਲੰਬੇ ਸਮੇਂ ਤੋਂ ਪੈਂਡਿੰਗ ਪਈਆਂ ਮੰਗਾਂ ਦੇ ਹੱਲ ਲਈ 9 ਦਸੰਬਰ ਤੱਕ ਦਾ ਅਲਟੀਮੇਟਮ ਦਿੰਦਿਆਂ ਐਲਾਨ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਲਟਕਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ 10 ਦਸੰਬਰ ਤੋਂ ਪੁਲਿਸ ਪ੍ਰਸ਼ਾਸਨ ਖ਼ਿਲਾਫ਼ ਅਣਮਿੱਥੇ ਸਮੇਂ ਲਈ ਸੰਘਰਸ਼ ਵਿੱਢਿਆ ਜਾਵੇਗਾ ਅਤੇ ਐਸ.ਐਸ.ਪੀ ਦਫ਼ਤਰ ਦਾ ਘੇਰਾਓ ਕਰਨ ਦੇ ਨਾਲ—ਨਾਲ ਸੜਕੀ ਆਵਾਜਾਈ ਠੱਪ ਕੀਤੀ ਜਾਵੇਗੀ, ਜਿਸ ਦੀ ਨਿਰੋਲ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

### ਸੁਖਬੀਰ ਸਿੰਘ ਬਾਦਲ ਉੱਪਰ ਹੋਏ

# ਜਾਨਲੇਵਾ ਹਮਲੇ ਦੀ ਸਖ਼ਤ ਨਿਖੇਧੀ: ਸਰਨਾ

**ਨਵੀਂ ਦਿੱਲੀ 4 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):-** ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਪਾਤਸ਼ਾਹ ਜੀ ਦੇ ਦਰ ਤੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੱਚੇ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਤਨਖਾਹ ਭੁਗਤਣ ਲਈ ਸੇਵਾ ਕਰ ਰਹੇ ਸ.ਸੁਖਬੀਰ ਸਿੰਘ ਬਾਦਲ ਉੱਪਰ ਹੋਏ ਜਾਨਲੇਵਾ ਹਮਲੇ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਉਹ ਘੱਟ ਹੈ । ਕਿਉਂਕਿ ਇਸ ਦਰ ਤੋਂ ਕੁੱਲ ਦੁਨੀਆ ਲਈ ਇੱਕ ਅਕਾਲ ਪੁਰਖ ਦੀ ਭਗਤੀ ਤੇ ਆਪਸੀ ਪ੍ਰੇਮ ਪਿਆਰ ਦਾ ਸੰਦੇਸ਼ ਜਾਂਦਾ ਹੈ । ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ.ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਅਜਿਹੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੰਨਕੇ ਤਨਖਾਹ ਭੁਗਤ ਰਹੇ ਇੱਕ ਸਿੱਖ ਤੇ ਸੱਚੇ ਪਾਤਸ਼ਾਹ ਦੇ ਦਰ ਤੇ ਹਮਲਾ ਕਰਨ ਵਾਲੇ ਜਿੱਥੇ ਗੁਰੂ ਦੇ ਦਰ ਤੇ ਤਾਂ ਦੋਸ਼ੀ ਬਣੇ ਹੀ ਹਨ । ਉੱਥੇ ਹੀ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸੰਬੰਧੀ ਕਾਰਵਾਈ ਕਰਕੇ ਸਾਰੇ ਦੋਸ਼ੀ ਨਸ਼ਰ ਕੀਤੇ ਜਾਣ ।



ਗੁਰੂ ਸਾਹਿਬ ਦੀ ਬਾਣੀ ਦੀ ਫੁਰਮਾਨ ਹੈ ਕਿ


"ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥"

ਇਸ ਲਈ ਸੱਚੇ ਪਾਤਸ਼ਾਹ ਆਪਣੇ ਦਰ ਤੇ ਸੇਵਾ ਕਰ ਰਹੇ ਸੇਵਕ ਦੀ ਆਪ ਰੱਖਿਆ ਕੀਤੀ ਹੈ । ਅਸੀ ਇਹ ਹਮਲਾ ਕਰਨ ਵਾਲੀਆਂ ਤਾਕਤਾਂ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਇਹਨਾਂ ਹਮਲਿਆਂ ਤੋਂ ਡਰਨ ਵਾਲਾ ਨਹੀਂ । ਇਹ ਸੇਵਾ ਇਸੇ ਤਰ੍ਹਾਂ ਜਾਰੀ ਰਹੇਗੀ । ਗੁਰੂ ਸਾਹਿਬ ਆਪ ਅੰਗ ਸੰਗ ਹਨ । ਪਰ ਇਸਦੇ ਨਾਲ ਹੀ ਇਹ ਪੰਜਾਬ ਸਰਕਾਰ ਦਾ ਕਾਨੂੰਨ ਤੇ ਵਿਵਸਥਾ ਉਪਰ ਕੋਈ ਕੰਟਰੋਲ ਨਾ ਹੋਣ ਦਾ ਭਾਂਡਾ ਵੀ ਭੰਨਿਆ ਗਿਆ ਹੈ । ਇਸ ਸੰਬੰਧੀ ਪੰਜਾਬ ਦੇ ਮੁੱਖ ਮੰਤਰੀ ਨੂੰ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ । ਕਿਉਂਕਿ ਜੇਕਰ ਸੂਬੇ ਅੰਦਰ ਇੱਕ ਸਾਬਕਾ ਉਪ ਮੁੱਖ ਮੰਤਰੀ ਤੇ ਸੂਬੇ ਦੀ ਅਹਿਮ ਸਖਸ਼ੀਅਤ ਉੱਪਰ ਦਿਨ ਦਿਹਾੜੇ ਹਮਲਾ ਹੋ ਸਕਦਾ ਹੈ ਤਾਂ ਆਮ ਲੋਕਾਂ ਦਾ ਕੀ ਹਾਲ ਹੋਵੇਗਾ । ਇਸ ਲਈ ਭਗਵੰਤ ਮਾਨ ਨੂੰ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਤੁਰੰਤ ਅਸਤੀਫ਼ਾ ਦੇਣਾ ਚਾਹੀਦਾ ਹੈ

### ਛੱਜਲਵੱਡੀ ਵਿਖੇ ਤਿੰਨ ਸਕੇ ਸ਼ਹੀਦ ਭਰਾਵਾਂ ਭਾਈ ਪੈਂਟਾ, ਭਾਈ ਕਾਲਾ ਤੇ ਭਾਈ ਰਾਜਾ ਦੀ ਯਾਦ 'ਚ

# ਸ਼ਹੀਦੀ ਸਮਾਗਮ 6 ਨੂੰ : ਭਾਈ ਰਣਜੀਤ ਸਿੰਘ/ਗਿਆਨੀ ਹਰਚਰਨ ਸਿੰਘ

**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਸਦੀ ਦੇ ਮਹਾਨ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਵੱਲੋਂ ਕੌਮੀ ਘਰ ਖ਼ਾਲਿਸਤਾਨ ਦੇ ਅਰੰਭੇ ਹਥਿਆਰਬੰਦ ਸੰਘਰਸ਼ ਵਿੱਚ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲ਼ੇ ਤਿੰਨ ਸਕੇ ਭਰਾਵਾਂ ਅਮਰ ਸ਼ਹੀਦ ਭਾਈ ਸੁਰਜੀਤ ਸਿੰਘ ਪੈਂਟਾ (ਡਿਪਟੀ ਚੀਫ ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ), ਲੈਫਟੀਨੈਂਟ ਜਨਰਲ ਸ਼ਹੀਦ ਭਾਈ ਪਰਮਜੀਤ ਸਿੰਘ ਕਾਲਾ, ਲੈਫਟੀਨੈਂਟ ਜਨਰਲ ਸ਼ਹੀਦ ਭਾਈ ਰਾਜਵਿੰਦਰ ਸਿੰਘ ਰਾਜਾ (ਛੋਟਾ ਪੈਂਟਾ) ਅਤੇ ਉਹਨਾਂ ਦੇ ਜੀਜਾ ਜੀ ਸ਼ਹੀਦ ਭਾਈ ਚੈਂਚਲ ਸਿੰਘ ਉਦੋਕੇ ਤੇ ਸਮੂਹ ਪੁਰਾਤਨ ਅਤੇ ਵਰਤਮਾਨ ਸ਼ਹੀਦ ਸਿੰਘਾਂ ਸਿੰਘਣੀਆਂ ਦੀ ਯਾਦ ਵਿੱਚ ਮਹਾਨ ਸ਼ਹੀਦੀ ਸਮਾਗਮ ਗੁਰਦੁਆਰਾ ਬਾਬਾ ਸਾਵਣ ਮੱਲ, ਪਿੰਡ ਛੱਜਲਵੱਡੀ, ਨੇੜੇ ਟਾਂਗਰਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ 6 ਦਸੰਬਰ 2024 ਨੂੰ ਖ਼ਾਲਸਾਈ ਸ਼ਾਨੋ–ਸ਼ੌਕਤ ਨਾਲ਼ ਮਨਾਇਆ ਜਾਵੇਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸ਼ਹੀਦ ਭਾਈ ਸੁਰਜੀਤ ਸਿੰਘ ਪੈਂਟਾ ਦੇ ਭਰਾਤਾ ਜੁਝਾਰੂ ਗਿਆਨੀ ਹਰਚਰਨ ਸਿੰਘ ਛੱਜਲਵੱਡੀ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸੰਗਤਾਂ ਨੂੰ ਸ਼ਹੀਦੀ ਸਮਾਗਮ ਵਿੱਚ ਪੁੱਜਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ, ਢਾਡੀ, ਕਵੀਸ਼ਰ, ਕਥਾਵਾਚਕ ਤੇ ਪ੍ਰਚਾਰਕ ਹਰ ਜਸ ਅਤੇ ਸ਼ਹੀਦਾਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਪੰਥਕ ਜਥੇਬੰਦੀਆਂ ਦੇ ਆਗੂ ਸਿੱਖ ਸੰਘਰਸ਼ ਅਤੇ ਅਜੋਕੇ ਹਲਾਤਾਂ ਸੰਬੰਧੀ ਵਿਚਾਰ ਸਾਂਝੇ ਕਰਨਗੇ। ਫੈਡਰੇਸ਼ਨ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਜੁਝਾਰੂ ਗਿਆਨੀ ਹਰਚਰਨ ਸਿੰਘ ਛਜਲਵੱਡੀ ਦੇ ਪਰਿਵਾਰ ਦੀ ਵੱਡੀ ਕੁਰਬਾਨੀ ਹੈ, ਉਹਨਾਂ ਦੇ ਤਿੰਨ ਸਕੇ ਭਰਾ ਸ਼ਹੀਦ ਭਾਈ ਸੁਰਜੀਤ ਸਿੰਘ ਪੈਂਟਾ, ਸ਼ਹੀਦ ਭਾਈ ਪਰਮਜੀਤ ਸਿੰਘ ਕਾਲਾ ਅਤੇ ਸ਼ਹੀਦ ਭਾਈ ਰਾਜਵਿੰਦਰ ਸਿੰਘ ਰਾਜਾ ਸਿੱਖ ਸੰਘਰਸ਼ ਵਿੱਚ ਜੂਝ ਕੇ ਸ਼ਹੀਦ ਹੋਏ ਹਨ, ਅਤੇ ਉਹਨਾਂ ਦੇ ਜੀਜਾ ਜੀ ਭਾਈ ਚੈਂਚਲ ਸਿੰਘ ਉਦੋਕੇ ਤੇ ਉਹਨਾਂ ਦਾ ਸਪੁੱਤਰ ਅਤੇ ਭਰਾ ਵੀ ਸੰਘਰਸ਼ ਵਿੱਚ ਲੇਖੇ ਲੱਗੇ ਹਨ। ਸ਼ਹੀਦ ਭਾਈ ਸੁਰਜੀਤ ਸਿੰਘ ਪੈਂਟਾ ਦੇ ਮਾਤਾ–ਪਿਤਾ ਜੀ ਨੇ ਵੀ ਜੇਲ੍ਹ ਕੱਟੀ ਹੈ, ਜੁਝਾਰੂ ਗਿਆਨੀ ਹਰਚਰਨ ਸਿੰਘ ਛੱਜਲਵੱਡੀ ਨੇ ਵੀ ਜੇਲ੍ਹ ਕੱਟੀ ਹੈ ਅਤੇ ਉਹਨਾਂ ਦੀ ਭੈਣ ਬੀਬੀ ਸਰਬਜੀਤ ਕੌਰ ਗੁੱਡੀ ਦੀ ਵੀ ਵੱਡੀ ਕੁਰਬਾਨੀ ਹੈ ਅਤੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ, ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਅਤੇ ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਵੀ ਇਸੇ ਪਰਿਵਾਰ ਨਾਲ ਸੰਬੰਧਿਤ ਸਨ। ਇਸ ਪਰਿਵਾਰ ਦੇ 20 ਦੇ ਕਰੀਬ ਸਿੰਘਾਂ ਨੇ ਸ਼ਹਾਦਤਾਂ ਪਾਈਆਂ ਹਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਦੱਸਿਆ ਕਿ ਉਹਨਾਂ ਵੱਲੋਂ ਲਿਖੀ ਤਵਾਰੀਖ ਸ਼ਹੀਦ ਏ ਖਾਲਿਸਤਾਨ (ਭਾਗ ਪਹਿਲਾ) ਕਿਤਾਬ ਵਿੱਚ ਇਹਨਾ ਸੂਰਮਿਆਂ ਦਾ ਇਤਿਹਾਸ ਵੀ ਛਾਪਿਆ ਗਿਆ ਹੈ ਜੋ ਗਿਆਨੀ ਹਰਚਰਨ ਸਿੰਘ ਛੱਜਲਵੱਡੀ ਨੂੰ ਸਤਿਕਾਰ ਸਹਿਤ ਭੇਟ ਕੀਤੀ ਗਈ ਹੈ।




# ਜੈਨੇਸਿਸ ਅਮਨਦੀਪ ਹਸਪਤਾਲ ਨੇ ਅਡਵਾਂਸਡ ਕਾਰਡੀਓਲੋਜੀ ਸੇਵਾਵਾਂ ਸ਼ੁਰੂ ਕੀਤੀਆਂ

**ਫ਼ਿਰੋਜ਼ਪੁਰ, 4 ਦਸੰਬਰ (ਮਨੋਹਰ ਲਾਲ) :—** ਜੈਨੇਸਿਸ ਅਮਨਦੀਪ ਹਸਪਤਾਲ ਨੇ ਆਪਣੇ ਕਾਰਡੀਓਲੋਜੀ ਵਿਭਾਗ ਦੀ ਕੀਤੀ ਸ਼ੁਰੂਆਤ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਾਲਜ ਪ੍ਰਬੰਧਕਾਂ ਨੇ ਦੱਸਿਆ ਕਿ ਹੁਣ ਡਾ: ਹਾਕਮ ਇਰਫਾਨ ਸ਼ੋਕਤ, ਸੀਨੀਅਰ ਕਨਸਲਟੈਂਟ—ਇੰਟਰਵੇਂਸ਼ਨਲ ਕਾਰਡੀਓਲੋਜਿਸਟ ਅਤੇ ਕੈਥ ਲੈਬ ਦੇ ਡਾਇਰੈਕਟਰ ਦੀ ਮਾਹਰਤਾ ਹੇਠ ਚੱਲ ਰਿਹਾ ਹੈ ਅਤੇ ਡਾ: ਸ਼ੋਕਤ ਆਪਣੇ ਵਿਸ਼ਵ ਭਰ ਵਿੱਚ ਕੀਤੇ ਗਏ ਕੰਮ ਦਾ ਤਜਰਬਾ ਲੈ ਕੇ ਜੈਨੇਸਿਸ ਅਮਨਦੀਪ ਹਸਪਤਾਲ ਵਿਚ ਬਹੁਤ ਸਾਰੀਆਂ ਅਡਵਾਂਸਡ ਪ੍ਰਕਿਰਿਆਵਾਂ ਦੇ ਮਾਹਰ ਹਨ, ਜਿਵੇਂ ਕਿ ਐਂਜੀਓਪਲਾਸਟੀ (ਰੈਡੀਅਲ ਰੂਟ ਨਾਲ), ਪੇਸਮੇਕਰ ਇੰਪਲਾਂਟੇਸ਼ਨ, ਕੈਰੋਟਿਡ ਅਤੇ ਪੈਰੀਫੇਰੀ ਐਂਜੀਓਪਲਾਸਟੀ (ਸਟੈਂਟ) ਅਤੇ ਹੋਰ ਨਾ—ਇੰਵੈਸੀਵ ਕਾਰਡੀਓਲੋਜੀ ਸੇਵਾਵਾਂ ਜਿਵੇਂ ਕਿ ਈਕੋ, ਸਟ੍ਰੈਸ ਈਕੋ, ਹੋਲਟਰ ਮਾਨੀਟਰਨਿੰਗ, ਐਮਬੂਲੇਟਰੀ ਬਲੱਡ ਪ੍ਰੈਸ਼ਰ ਮਾਨੀਟਰਨਿੰਗ (ਏ.ਬੀ.ਪੀ.ਐਮ) ਆਦਿ। ਗੱਲਬਾਤ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਜੈਨੇਸਿਸ ਅਮਨਦੀਪ ਹਸਪਤਾਲ ਹਰ ਕਿਸਮ ਦੀ ਦਿਲ ਦੀ ਐਮਰਜੈਂਸੀ ਨੂੰ ਸੁਚੱਜੇ ਤਰੀਕੇ ਨਾਲ ਸਲਾਹ ਦੇਣ ਅਤੇ ਇਲਾਜ ਕਰਨ ਲਈ ਸਮਰੱਥ ਹੈ, ਸਹੀ ਤਕਨਾਲੋਜੀ ਅਤੇ ਵਿਸ਼ਵ—ਪੱਧਰੀ ਮੁਹਾਰਤਾ ਨਾਲ ਆਪਣੇ ਮਰੀਜ਼ਾਂ ਦੀ ਭਲਾਈ ਲਈ ਕੰਮ ਕਰ ਰਿਹਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅਮਨਦੀਪ ਕੌਰ ਡਾਇਰੈਕਟਰ ਅਮਨਦੀਪ ਗਰੁੱਪ ਆਫ ਹਸਪਤਾਲਜ਼ ਨੇ ਕਿਹਾ ਕਿ ਡਾ: ਹਾਕਮ ਇਰਫਾਨ ਸ਼ੋਕਤ ਦੇ ਸ਼ਾਮਲ ਹੋਣ ਨਾਲ ਸਾਨੂੰ ਪੂਰਾ ਭਰੋਸਾ ਹੈ ਕਿ ਸਾਡੀਆਂ ਕਾਰਡੀਓਲੋਜੀ ਸੇਵਾਵਾਂ ਲੋਕਾਂ ਨੂੰ ਬੇਹਤਰੀਨ ਸਹੂਲਤਾਂ ਦੇਣਗੀਆਂ, ਜੋ ਸਿਹਤਮੰਦ ਭਵਿੱਖ ਲਈ ਯਕੀਨੀ ਬਣਾਉਂਦੀਆਂ ਹਨ। ਗੱਲਬਾਤ ਕਰਦਿਆਂ ਵਰਿੰਦਰ ਮੋਹਨ ਸਿੰਘਲ ਸੀ.ਏ. ਜੈਨੇਸਿਸ ਅਮਨਦੀਪ ਹਸਪਤਾਲ ਫ਼ਿਰੋਜ਼ਪੁਰ ਨੇ ਕਿਹਾ ਕਿ ਇਹ ਅਡਵਾਂਸਡ ਕਾਰਡੀਓਲੋਜੀ ਸੇਵਾਵਾਂ ਦੀ ਸ਼ੁਰੂਆਤ ਮਰੀਜ਼ਾਂ ਨੂੰ ਵਿਸ਼ੇਸ਼ ਅਤੇ ਸੰਪੂਰਨ ਇਲਾਜ ਮੁਹੱਈਆ ਕਰਨ ਵਿੱਚ ਇੱਕ ਵੱਡਾ ਕਦਮ ਹੈ। ਉਨਾਂ ਕਿਹਾ ਕਿ ਜੈਨੇਸਿਸ ਅਮਨਦੀਪ ਹਸਪਤਾਲ ਆਪਣੇ ਪਹਿਲੇ ਪੰਜ ਬੈੱਡਾਂ ਵਾਲੇ ਹਸਪਤਾਲ ਤੋਂ 750 ਤੋਂ ਵੱਧ ਬੈੱਡਾਂ ਵਾਲੇ ਹਸਪਤਾਲ ਵਿੱਚ ਬਦਲ ਚੁੱਕਾ ਹੈ ਅਤੇ ਇਸਦੀ ਟੀਮ 170 ਤੋਂ ਵੱਧ ਪ੍ਰਸਿੱਧ ਸਰਜਨ ਅਤੇ ਫ਼ਿਜੀਸ਼ੀਅਨ ਦੀ ਹੈ, ਜਿਨ੍ਹਾਂ ਨੇ ਹੁਣ ਤੱਕ 5 ਲੱਖ ਤੋਂ ਵੱਧ ਜ਼ਿੰਦਗੀਆਂ ਨੂੰ ਬਦਲਿਆ ਹੈ। ਉਨ੍ਹਾਂ ਕਿਹਾ ਕਿ ਅਮਨਦੀਪ ਗਰੁੱਪ ਦੇ ਛੇ ਸ਼ਾਖਾਵਾਂ ਹਨ, ਜਿਨ੍ਹਾਂ ਵਿਚੋਂ ਦੋ ਅਮ੍ਰਿਤਸਰ ਵਿੱਚ ਅਤੇ ਇਕ ਪਠਾਨਕੋਟ, ਫ਼ਿਰੋਜ਼ਪੁਰ, ਸ਼੍ਰੀਨਗਰ ਅਤੇ ਤਰਨਤਾਰਨ ਵਿਚ ਹਨ, ਜਿਨ੍ਹਾਂ ਮਰੀਜਾਂ ਦਾ ਵਧੀਆ ਤਰੀਕੇ ਨਾਲ ਮਾਹਿਰ ਡਾਕਟਰਾਂ ਵੱਲੋਂ ਇਲਾਜ ਕੀਤਾ ਜਾ ਰਿਹਾ ਹੈ।




# ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਸਲਾਨਾ ਪ੍ਰੋਗਰਾਮ 22 ਫਰਵਰੀ ਅਤੇ 23 ਫਰਵਰੀ ਨੂੰ ਮਨਾਇਆ ਜਾਵੇਗਾ—ਜਗਜੀਤ ਸਿੰਘ ਭੁੱਲਰ

ਫ਼ਿਰੋਜ਼ਪੁਰ, 4 ਦਸੰਬਰ (ਮਨੋਹਰ ਲਾਲ) :— ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੋਸਾਇਟੀ ਵੱਲੋਂ ਸਲਾਨਾ ਪ੍ਰੋਗਰਾਮ ਭਾਈ ਮਰਦਾਨਾ ਜੀ ਦੀ ਯਾਦਗਾਰ ਵਿੱਚ ਜੋ ਹਰ ਸਾਲ 35 ਸਾਲ ਤੋਂ ਮਨਾਇਆ ਜਾ ਰਿਹਾ ਉਹ 22 ਤੇ 23 ਫਰਵਰੀ ਨੂੰ ਮਨਾਇਆ ਜਾਵੇਗਾ ਅਤੇ 22 ਫਰਵਰੀ ਸ਼ਾਮ ਨੂੰ ਦੀਵਾਨ ਸ਼ੁਰੂ ਹੋਣਗੇ ਜ਼ੋ 23 ਫਰਵਰੀ ਨੂੰ ਸਲਾਨਾ ਸਾਰਾ ਦਿਨ ਪ੍ਰੋਗਰਾਮ ਚੱਲੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਉੱਚਕੋਟੀ ਦੇ ਰਾਗੀ ਜਥੇ ਪਹੁੰਚ ਕੇ ਸੰਗਤਾਂ ਨੂੰ ਗੁਰਬਾਣੀ ਲੇਖੇ ਲਾਉਣਗੇ। ਉਨ੍ਹਾਂ ਕਿਹਾ ਕਿ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਗਰੀਬ ਲੜਕੀਆਂ ਦੇ ਵਿਆਹ ਦਾ ਪ੍ਰੋਪਗਡਾ ਕਰਦੀ ਆ ਰਹੀ ਹੈ ਅਤੇ ਜੋ ਸੋਸਾਇਟੀ ਦਾ ਏਜੰਡਾ 1993 ਤੋਂ ਸ਼ੁਰੂ ਹੋਇਆ ਉਸ ਵਿਚ ਇਹ ਲਿਖਿਆ ਗਿਆ ਸੀ ਕਿ ਵਿਸ਼ਵ ਭਾਈ ਮਰਦਾਨਾ ਸੋਸਾਇਟੀ ਕੀਰਤਨ ਦਰਬਾਰ ਕਰਵਾਉਣ ਅਤੇ ਗਰੀਬ ਲੜਕੀਆਂ ਦੇ ਵਿਆਹ ਤੇ ਸਮਾਜਿਕ ਕਾਰਜ ਕਰੇਗੀ, ਉਸੀ ਤਹਿਤ ਚਲਦੇ ਹੋਏ ਸਰਦਾਰ ਹਰਪਾਲ ਸਿੰਘ ਭੁੱਲਰ ਨੇ ਆਪਣਾ ਸਰੀਰ ਛੱਡਣ ਤੋਂ ਪਹਿਲਾਂ ਹੀ ਸਾਨੂੰ ਇਹ ਦੱਸਿਆ ਸੀ ਕਿ ਐਤਕੀ ਅਸੀਂ ਗਰੀਬ ਲੜਕੇ ਦੇ ਵਿਆਹ ਵੱਧ—ਚੜ ਕੇ ਕਰਨੇ ਹਨ, ਉਸੀ ਤਹਿਤ ਸੁਸਾਇਟੀ ਮੈਂਬਰਾਂ ਦੀ ਮੀਟਿੰਗ ਹੋਈ ਹੈ ਅਤੇ ਇਸ ਮੀਟਿੰਗ ਵਿਚ ਨਿਰਣਾ ਲਿਆ ਗਿਆ ਹੈ ਕਿ ਵਿਆਹ ਵਾਲੇ ਜ਼ੋੜਿਆਂ ਤੋਂ ਦਰਖਾਸਤਾਂ ਪ੍ਰਾਪਤ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 23 ਫਰਵਰੀ ਦੇ ਪ੍ਰੋਗਰਾਮ ਦੌਰਾਨ ਕੀਤੇ ਜਾਣ ਵਾਲੇ ਵਿਆਹ ਸਮਾਰੋਹ ਵਿਚ ਲੋੜਵੰਦ ਬੱਚਿਆਂ ਦਾ ਵਿਆਹ ਰਚਾਉਣ ਲਈ ਐਪਲੀਕੇਸ਼ਨ ਸਭਾ ਨੂੰ ਦੇਣ। ਗੱਲਬਾਤ ਕਰਦਿਆਂ ਜਗਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸਮਾਗਮਾਂ ਦੌਰਾਨ ਉੱਚ ਕੋਟੀ ਦੇ ਕੀਰਤਨੀ ਜਥਿਆਂ ਲਈ ਸੁਸਾਇਟੀ 11 ਮੈਂਬਰੀ ਕਮੇਟੀ ਦਾ ਗਠਨ ਕਰੇਗੀ ਤਾਂ ਜ਼ੋ ਸਮਾਗਮਾਂ ਨੂੰ ਸਹੀ ਢੰਗ ਨਾਲ ਨੇਪਰੇ ਚਾੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੁਸਾਇਟੀ ਦੇ ਸਮੂਹ ਮੈਂਬਰਾਂ ਉਸੀ ਤਰ੍ਹਾਂ ਆਪਣੀਆਂ ਸੇਵਾਵਾਂ ਇਨ੍ਹਾਂ ਸਮਾਗਮਾਂ ਵਿਚ ਦੇਣਗੇ, ਜਿਸ ਤਰ੍ਹਾਂ ਉਹ ਪਿਛਲੇ ਕਈ ਸਾਲਾਂ ਤੋਂ ਦਿੰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸ: ਹਰਪਾਲ ਸਿੰਘ ਭੁੱਲਰ ਦੇ ਅਕਾਲ ਚਲਾਣੇ ਬਾਅਦ ਇਹ ਪਹਿਲਾਂ ਸਮਾਗਮ ਹੈ, ਜ਼ੋ ਸਮੂਹ ਮੈਂਬਰ ਰਾਜੀਖੁਸ਼ੀ ਵਧੀਆ ਢੰਗ ਨਾਲ ਕਰਨਾ ਚਾਹੁੰਦੇ ਹਨ ਅਤੇ ਅਸੀਂ ਸਮੂਹ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਸਮਾਗਮਾਂ ਲਈ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾਵੇ।



# ਉੱਘੇ ਸਮਾਜ ਸੇਵਕ ਪੀ.ਸੀ ਕੁਮਾਰ ਨੂੰ ਗਹਿਰਾ ਸਦਮਾ—ਧਰਮਪਤਨੀ ਦਰਸ਼ਨਾ ਦੇਵੀ ਦੀ ਹੋਈ ਮੌਤ

ਫ਼ਿਰੋਜ਼ਪੁਰ, 4 ਦਸੰਬਰ (ਮਨੋਹਰ ਲਾਲ) :— ਉੱਘੇ ਸਮਾਜ ਸੇਵਕ ਸ੍ਰੀ ਪੀ.ਸੀ ਕੁਮਾਰ ਨੂੰ ਉਦੋਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਦਰਸ਼ਨਾ ਦੇਵੀ ਰਿਟਾਇਰਡ ਹੈਡ ਟੀਚਰ ਦੀ ਮੌਤ ਮਿਤੀ 3 ਦਸੰਬਰ ਨੂੰ ਰਾਤ 8:30 ਵਜੇ ਹੋ ਗਈ। ਸ੍ਰੀਮਤੀ ਦਰਸ਼ਨੀ ਦੇਵੀ 83 ਸਾਲ ਦੇ ਸਨ, ਇਥੇ ਇਹ ਦਸਣਯੋਗ ਹੈ ਕਿ ਸ੍ਰੀ ਪੀ.ਸੀ ਕੁਮਾਰ ਦੀਆਂ ਤਿੰਨ ਬੇਟੀਆਂ ਹਨ, ਜ਼ੋ ਕਿ ਰੇਣੂ ਪਤਨੀ ਰੋਹਿਤ ਚੋਪੜਾ, ਰਿਤੂ ਮੋਗੀਆ ਪਤਨੀ ਰਜੀਵ ਮੋਗੀਆ ਅਤੇ ਪੂਨਮ ਮੇਹਿੰਦੀ ਰਤਾ ਪਤਨੀ ਅਕਾਸ਼ ਮਹਿੰਦੀ ਰੱਤਾ ਹਨ। ਸ੍ਰੀਮਤੀ ਦਰਸ਼ਨਾ ਦੇਵੀ ਦਾ ਸੰਸਕਾਰ 5 ਦਸੰਬਰ 2024 ਨੂੰ 12 ਵਜੇ ਕੀਤਾ ਜਾਵੇਗਾ, ਕਿਉਂਕਿ ਉਨ੍ਹਾਂ ਦਾ ਜਵਾਈ ਭਾਵ ਪੁੱਤਰ ਅਕਾਸ਼ ਮਹਿੰਦੀ ਰੱਤਾ ਜ਼ੋ ਕਿ ਯੂ.ਕੇ ਵਿਚ ਰਹਿੰਦਾ ਹੈ, ਖਬਰ ਸੁਣਦਿਆਂ ਹੀ ਹਵਾਈ ਜਹਾਜ ਵਿਚ ਬੈਠ ਗਿਆ ਹੈ। ਉਨ੍ਹਾਂ ਦੀ ਉਡੀਕ ਵਿਚ ਸੰਸਕਾਰ ਲੇਟ ਕੀਤਾ ਹੈ। ਇਸ ਮੌਕੇ ਤੇ ਸ੍ਰੀ ਪੀ.ਸੀ ਕੁਮਾਰ ਨਾਲ ਵੱਖ—ਵੱਖ ਸਮਾਜ ਸੇਵਕ ਧਾਰਮਿਕ, ਰਾਜਨੀਤਕ ਪਾਰਟੀਆਂ ਦੇ ਆਗੂਆਂ ਅਤੇ ਟਰੱਸਟ ਸਦਾਵਰਤ ਪੰਚਾਇਤੀ ਦੇ ਅਹੁਦੇਦਾਰ ਅਤੇ ਮੈਂਬਰਾਂ ਨੇ ਦੁੱਖ ਪ੍ਰਗਟ ਕੀਤਾ ਅਤੇ ਪ੍ਰਮਾਤਮਾ, ਭਗਵਾਨ, ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਕਿ ਉਹ ਸ੍ਰੀਮਤੀ ਦਰਸ਼ਨਾ ਦੇਵੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ, ਰਿਸ਼ਤੇਦਾਰ, ਸਾਕ ਸਬੰਧੀਆਂ ਅਤੇ ਲੜਕੀਆਂ ਤੇ ਸ੍ਰੀ ਪੀ.ਸੀ ਕੁਮਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਇਥੇ ਇਹ ਵੀ ਦਸਣਯੋਗ ਹੈ ਕਿ ਸ੍ਰੀ ਪੀ.ਸੀ ਕੁਮਾਰ ਅਤੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਦਰਸ਼ਨਾ ਦੇਵੀ ਬਜ਼ੁਰਗ ਹੋਣ ਦੇ ਬਾਵਜੂਦ ਵੀ ਹਰ ਰੋਜ਼ 3 ਕਿਲੋ ਆਟੇ ਦੀਆਂ ਰੋਟੀਆਂ ਅਤੇ ਸਬਜੀ ਬਣਾ ਕੇ ਗਰੀਬ ਅਤੇ ਲੋੜਵੰਦ ਭੁਖਿਆਂ ਨੂੰ ਰੋਟੀ ਖੁਆਉਂਦੇ ਸੀ ਅਤੇ ਹਰ ਰੋਜ਼ ਕੁਤਿਆਂ ਨੂੰ ਦੁੱਧ, ਗਾਵਾਂ ਨੂੰ ਹਰਾ ਚਾਰਾ, ਪੰਛੀਆਂ ਨੂੰ ਚੋਗਾ ਹਰ ਰੋਜ਼ ਰੁਟੀਨ ਵਿਚ ਪਾਉਂਦੇ ਸਨ, ਭਾਵੇਂ ਮੀਂਹ ਹੁੰਦਾ ਜਾਂ ਹਨੇਰੀ ਹੁੰਦੀ, ਸਰਦੀ ਹੁੰਦੀ ਭਾਵੇਂ ਗਰਮੀ ਰੁਟੀਨ ਵਿਚ ਪਾਉਂਦੇ ਸੀ, ਜਿਸ ਦੀ ਹਰ ਸ਼ਹਿਰੀ ਸ਼ਲਾਘਾ ਕਰਦਾ ਹੈ।



# ਸ਼੍ਰੋਮਣੀ ਕਮੇਟੀ ਨੇ ਬਾਬਾ ਗੁਰਬਖਸ਼ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਿਤ ਉਨ੍ਹਾਂ ਨਾਲ ਸਬੰਧਤ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਵਿਖੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜਰੀ ਭਰੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਲਿਆ।

ਉਨ੍ਹਾਂ ਸੰਗਤਾਂ ਨਾਲ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਾਦ ਹੋਂਦ ਹਸਤੀ ਨੂੰ ਖ਼ਤਮ ਕਰਨ ਲਈ ਯਤਨਸੀਲ ਰਹੀਆਂ ਹਨ। ਇਸੇ ਲਈ ਸਰਕਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਕੀਤੇ ਜਾਂਦੇ ਰਹੇ, ਜਿਸ ਦਾ ਸਿੱਖ ਸੂਰਮਿਆਂ ਨੇ ਹਮੇਸ਼ਾਂ ਡੱਟ ਕੇ ਮੁਕਾਬਲਾ ਕੀਤਾ। ਅਹਿਮਦ ਸ਼ਾਹ ਅਬਦਾਲੀ ਵੱਲੋਂ ਕੀਤੇ ਗਏ ਹਮਲੇ ਸਮੇਂ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਅਗਵਾਈ ਹੇਠ ਸਿੰਘਾਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਸੰਗਤਾਂ ਨੂੰ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਦੇ ਜੀਵਨ ਇਤਿਹਾਸ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਸਮਾਗਮ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਇੰਚਾਰਜ ਸ. ਮੇਜਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

## ਫਿਰੋਜ਼ਪੁਰ ਦੇ ਥਾਣਾ ਆਰਫਕੇ ਦੇ ਵਿੱਚ

# ਨਵੇਂ ਐਸਐਚ ਓ ਰਵੀ ਕੁਮਾਰ ਯਾਦਵ ਨੇ ਸੰਭਾਲਿਆ ਆਪਣਾ ਅਹੁਦਾ



ਫਿਰੋਜ਼ਪੁਰ 4 ਨਵੰਬਰ ( ਸੁਖਮੰਦਰ ਸਿੰਘ ਸ਼ਾਤ) ਫਿਰੋਜਪੁਰ ਦੇ ਨਾਲ ਲੱਗਦੇ ਥਾਣਾ ਆਰਫਕੇ ਦੇ ਵਿੱਚ ਅੱਜ ਰਵੀ ਕੁਮਾਰ ਯਾਦਵ ਨੇ ਬਤੌਰ ਐਸਐਚਓ ਦਾ ਅਹੁਦਾ ਸੰਭਾਲਿਆ ਅਤੇ ਅੱਜ ਉਹਨਾਂ ਨੂੰ ਮਿਲਣ ਵਾਸਤੇ ਜਿਉ ਆਇਆ ਆਖਣ ਵਾਸਤੇ ਪਿੰਡ ਮਹਾਲਮ ਦੇ ਨੌਜਵਾਨ ਆਗੂ ਚਮਕੌਰ ਸਿੰਘ ਮਹਾਲਮ ਨੇ ਗੁਲਦਸਤਾ ਭੇਟ ਕਰਕੇ ਤੇ ਹਲਕੇ ਦੇ ਵਿੱਚ ਘਟਨਾਵਾਂ ਦੇ ਬਾਰੇ ਜਾਣੂ ਕਰਵਾਇਆ ਤੇ ਗੱਲਬਾਤ ਕਰਕੇ ਉਹਨਾਂ ਨੂੰ ਥਾਣੇ ਦੇ ਵਿੱਚ ਅੱਜ ਅਹੁਦਾ ਸੰਭਾਲਣ ਸਮੇਂ ਜੀਓ ਆਇਆ ਆਖਿਆ ਅਤੇ ਉਸ ਮਾਲਕ ਦੇ ਅੱਗੇ ਅਰਦਾਸ ਵੀ ਕੀਤੀ ਕਿ ਰਵੀ ਕੁਮਾਰ ਯਾਦਵ ਨੂੰ ਬਲ ਬਖਸ਼ੇਸ਼ ਕਰੇ ਕਿ ਥਾਣੇ ਨੂੰ ਲੱਗਦੀ ਪਿੰਡਾਂ ਦੇ ਵਿੱਚ ਇਹ ਵਿੱਚ ਆ ਰਹੀਆਂ ਮੁਸ਼ਕਲਾਂਵਾਂ ਅਤੇ ਸ਼ਰਾਰਤੀ ਅਨਸਰਾਂ ਤੇ ਨੱਥ ਪਾਸ ਸਕਣ ਜੋ ਹਲਕੇ ਦੇ ਵਿੱਚ ਦਿਨ ਬ ਦਿਨ ਚੋਰੀਆਂ ਦਾ ਦੌਰ ਵਧਿਆ ਹੋਇਆ ਹੈ ਅਤੇ ਹੋਰ ਮਾਰ ਕੁਟਾਈ ਦਾ ਦੌਰ ਵਧਿਆ ਹੈ ਉਸ ਤੇ ਗਾਵੀ ਕੁਮਾਰ ਜੀ ਨੱਤ ਪਾ ਸਕਣ ਇਹ ਅਰਦਾਸ ਉਸ ਪਰਮਾਤਮਾ ਅੱਗੇ ਕੀਤੀ ਇਹ ਸਮੇਂ ਉਹਨਾਂ ਦੇ ਨਾਲ ਉਹਨਾਂ ਦੇ ਸਾਥੀ ਅਤੇ ਉਹਨਾਂ ਦੀ ਟੀਮ ਦੇ ਮੈਂਬਰ ਵੀ ਹਾਜ਼ਰ ਸਨ।

## ਦਰਬਾਰ ਸਾਹਿਬ 'ਚ ਸੁਖਬੀਰ ਬਾਦਲ ਤੇ ਹਮਲਾ ਨਹੀਂ ਹੋਇਆ, ਸਗੋਂ ਗੁਰੂ ਰਾਮਦਾਸ ਜੀ ਦੇ ਪਵਿੱਤਰ ਤੇ ਵਿਸ਼ਵ ਪ੍ਰਸਿੱਧ ਸ੍ਰੀ ਦਰਬਾਰ ਤੇ ਹੋਇਆ

# ਉੱਚ ਪੱਧਰੀ ਜਾਂਚ ਕੀਤੀ ਜਾਵੇ : ਭਾਈ ਵਿਰਸਾ ਸਿੰਘ ਖਾਲਸਾ

**ਜੰਡਿਆਲਾ ਗੁਰੂ, 4 ਦਸੰਬਰ ( ਕੁਲਵੰਤ ਸਿੰਘ ਵਿਰਦੀ)**-ਦਰਬਾਰ ਸਾਹਿਬ ਅੰਮ੍ਰਿਤਸਰ ਦੀ ਘੰਟਾ ਘਰ ਡਿਉਢੀ ਦੇ ਸਹਾਮਣੇ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਸੇਵਾ ਹੱਥ ਬਰਛਾ, ਨੀਲਾ ਚੋਲ਼ਾ ਪਹਿਨ ਵੀਲਚੇਅਰ ਤੇ ਬੈਠੇ ਸੁਖਬੀਰ ਸਿੰਘ ਬਾਦਲ ਤੇ ਦਲ ਖਾਲਸਾ ਦੇ ਨਰਾਇਣ ਸਿੰਘ ਚੌੜਾ ਵੱਲੋਂ ਪਿਸਤੌਲ ਦੀ ਗੋਲੀ ਨਾਲ ਹਮਲਾ ਕਰ ਦਿੱਤਾ, ਜਿਸ ਨੂੰ ਸੁਖਬੀਰ ਬਾਦਲ ਦੀ ਸੁਰੱਖਿਆ 'ਚ ਲੰਮੇ ਸਮੇਂ ਤੋਂ ਤਾਇਨਾਤ ਏ ਐਸ ਆਈ ਸ੍ਰ ਜਸਬੀਰ ਸਿੰਘ ਨੇ ਬਹਾਦਰੀ ਨਾਲ ਨਕਾਰ ਦਿੱਤਾ, ਪੁਲਿਸ ਨੇ ਦੋਸ਼ੀ ਚੋੜਾ ਨੂੰ ਆਪਣੀ ਰਿਆਸਤ 'ਚ ਲੈ ਲਿਆ ਚਲਾਉਣੀ ਵੱਡੀ ਕਾਇਰਤਾ ਤੇ ਪਵਿੱਤਰ ਦਰਬਾਰ ਸਾਹਿਬ ਦੀ ਮਹਾਨਤਾ ਦੀ ਬੇਅਬਦੀ ਕੀਤੀ ਗਈ, ਜੋਂ ਬਹੁਤ ਹੀ ਨਿੰਦਣਯੋਗ ਵਰਤਾਰਾ ਹੈ ਕਿਉਂਕਿ ਜਦੋਂ ਸਰਕਾਰ ਦਰਬਾਰ ਸਾਹਿਬ ਤੇ ਹਮਲਾ ਕਰਦੀ ਹੈ ਤਾਂ ਸਮੂਹ ਸਿੱਖ ਕੌਮ ਦੇ ਲੋਕਾਂ ਵੱਲੋਂ ਇਸ ਨੂੰ ਗ.ਲਤ ਦੱਸਿਆ ਜਾਂਦਾ ਤੇ ਸਰਕਾਰ ਨੂੰ ਨਿਸ਼ਾਨਾ ਬਣਾਇਆ ਜਾਂਦਾ,ਪਰ ਦੂਜੇ ਪਾਸੇ ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੇ ਅਖੌਤੀ ਖਾੜਕੂ ਅਜਿਹਾ ਕਰਕੇ ਬਹੁਤ ਹੀ ਨਿੰਦਣਯੋਗ ਘਟਨਾ ਵਾਲਾ ਵਰਤਾਰਾ ਕਰ ਰਹੇ ਹਨ, ਭਾਵੇਂ ਕਿ ਇਸ ਹਮਲੇ, ਜਿਸ ਨੂੰ ਏ ਐਸ ਆਈ ਜਸਬੀਰ ਸਿੰਘ ਪੰਜਾਬ ਪੁਲਿਸ ਦੇ ਅਧਿਕਾਰੀ ਨੇ ਬਹਾਦਰੀ ਨਾਲ ਫ਼ੜ ਕੇ ਨਿਕਾਰਾ ਕਰ ਦਿੱਤਾ ਹੈ, ਨਹੀਂ ਤਾਂ ਬਹੁਤ ਵੱਡਾ ਭਾਣਾ ਵਰਤ ਸਕਦਾ ਸੀ,ਕਾਂਗਰਸ ਦੇ ਸੀਨੀਅਰ ਆਗੂ ਰੰਧਾਵਾ ਦੇ ਹਮਲੇ ਦੇ ਦੋਸ਼ੀ ਚੋੜਾ ਨਾਲ ਸਬੰਧਾ ਦੇ ਦੋਸ਼ ਲਾਏ ਜਾ ਰਹੇ ਹਨ ਭਾਵੇਂ ਕਿ ਉਹ ਵੀ ਇਸ ਸਬੰਧੀ ਸਪੱਸ਼ਟੀਕਰਨ ਦੇ ਚੁੱਕੇ ਹਨ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਭਾਜਪਾ ਆਗੂ ਸੁਨੀਲ ਜਾਖੜ, ਰਾਜ ਮੰਤਰੀ ਰਵਨੀਤ ਬਿੱਟੂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਸਮੇਤ ਧਾਰਮਿਕ, ਸਿਆਸੀ ਸਮਾਜਿਕ ਤੇ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਦੋਸ਼ੀ ਹਮਲਾਵਰ ਨਰਾਇਣ ਸਿੰਘ ਚੌੜਾ ਦੀ ਧਰਮ ਪਤਨੀ ਵੱਲੋਂ ਵੀ ਇਸ ਹਮਲੇ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕੀਤੀ ਜਾ ਰਹੀ ਹੈ, ਅਤੇ ਸਮੂਹ ਲੋਕਾਂ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ,ਕਿਉਕਿ ਇਹ ਹਮਲਾ ਸੁਖਬੀਰ ਸਿੰਘ ਬਾਦਲ ਤੇ ਨਹੀਂ ਹੋਇਆਂ, ਸਗੋਂ ਗੁਰੂ ਰਾਮਦਾਸ ਜੀ ਦੇ ਪਵਿੱਤਰ ਗੁਰੂ ਘਰ ਅਤੇ ਵਿਸ਼ਵ ਪ੍ਰਸਿੱਧ ਦਰਬਾਰ ਸਾਹਿਬ ਤੇ ਕੀਤਾ ਗਿਆ ਹੈ, ਜਿਸ ਨੂੰ ਸੱਚਾ ਸੁੱਚਾ ਕੋਈ ਵੀ ਸਿੱਖ ਸਹੀ ਤੇ ਬਰਦਾਸ਼ਤ ਨਹੀਂ ਕਰ ਸਕਦਾ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸੁਖਬੀਰ ਸਿੰਘ ਬਾਦਲ ਤੇ ਦਰਬਾਰ ਸਾਹਿਬ ਵਿਖੇ ਸਾਡੇ ਨੌ ਵਜੇ ਦਲ ਖਾਲਸਾ ਦੇ ਨਰਾਇਣ ਸਿੰਘ ਚੌੜਾ ਵੱਲੋਂ ਕੀਤੇ ਹਮਲੇ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਸਪੱਸ਼ਟ ਕੀਤਾ ਇਸ ਹਮਲੇ ਨੂੰ ਅੰਜਾਮ ਦੇਣ ਵਾਲੇ ਨਰਾਇਣ ਸਿੰਘ ਚੌੜਾ ਨੇ ਵੱਡੀ ਕਾਇਰਤਾ ਤੇ ਪਵਿੱਤਰ ਦਰਬਾਰ ਸਾਹਿਬ ਦੀ ਮਹਾਨਤਾ ਨੂੰ ਵੱਡੀ ਢਾਹ ਲਾਉਣ ਵਾਲਾ ਨਿੰਦਣਯੋਗ ਵਰਤਾਰਾ ਕੀਤਾ ਹੈ ,ਜਿਸ ਦੀ ਦਰਬਾਰ ਸਾਹਿਬ ਦੀ ਮਹਾਨਤਾ , ਪਵਿੱਤਰਤਾਂ ਤੇ ਸ਼ਰਧਾ ਰੱਖਣ ਵਾਲੇ ਹਰ ਸਿੱਖ ਨੂੰ ਨਿੰਦਾ ਕਰਨੀ ਚਾਹੀਦੀ ਹੈ ਭਾਈ ਖਾਲਸਾ ਨੇ ਕਿਹਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦਰਬਾਰ ਸਾਹਿਬ ਦੀ ਘੰਟਾ ਘਰ ਡਿਊਟੀ ਦੇ ਸਹਾਮਣੇ ਬਾਦਲ ਤੇ ਹਮਲੇ ਕਰਨ ਦੀ ਨਿੰਦਾ, ਹਮਲੇ ਨੂੰ ਨਕਾਰਾ ਕਰਨ ਵਾਲੇ ਏ ਐਸ ਆਈ ਸ੍ਰ ਜਸਬੀਰ ਸਿੰਘ ਪੰਜਾਬ ਪੁਲਿਸ ਦੀ ਬਹਾਦਰੀ ਲਈ ਸ਼ਾਬਾਸ਼ ਤੇ ਸਾਰੀ ਘਟਨਾ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਇਸ ਮੌਕੇ ਤੇ ਭਾਈ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ ਭਾਈ ਜੋਗਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਫਿਰੋਜ਼ਪੁਰ ਭਾਈ ਸਿੰਦਾ ਸਿੰਘ ਨਿਹੰਗ ਤੇ ਪਿਰਥੀ ਸਿੰਘ ਧਾਲੀਵਾਲ ਧਰਮਕੋਟ ਭਾਈ ਮਨਜਿੰਦਰ ਸਿੰਘ ਖਾਲਸਾ, ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ ਭਾਈ ਦਿਲਬਾਗ ਸਿੰਘ ਬਾਗੀ ਗੁਰਦਾਸਪੁਰ ਭਾਈ ਬਲਵਿੰਦਰ ਸਿੰਘ ਖਡੂਰ ਸਾਹਿਬ ਆਦਿ ਆਗੂ ਹਾਜਰ ਸਨ।



# ਮਾਮਲਾ ਸੁਖਬੀਰ ਬਾਦਲ 'ਤੇ ਹਮਲੇ ਦਾ : ਮੱਸਾ ਰੰਘੜ ਵੀ ਤਾਂ ਦਰਬਾਰ ਸਾਹਿਬ ਹੀ ਸੋਧਿਆ ਗਿਆ ਸੀ - ਭਾਈ ਭੁਪਿੰਦਰ ਸਿੰਘ ਛੇ ਜੂਨ



**ਅੰਮ੍ਰਿਤਸਰ, 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਫੂਕ ਰਹੇ ਸੈਂਕੜੇ ਸ਼ਿਵ ਸੈਨਿਕਾਂ ਨੂੰ ਇਕੱਲਿਆਂ ਹੀ ਦੁੜਾਉਣ ਵਾਲੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸੁਖਬੀਰ ਸਿੰਘ ਬਾਦਲ ਉੱਤੇ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਗੋਲੀ ਚਲਾ ਕੇ ਕੀਤੇ ਹਮਲੇ ਬਾਰੇ ਬੋਲਦਿਆਂ ਕਿਹਾ ਕਿ ਸਿੱਖਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਮੱਸਾ ਰੰਘੜ ਵੀ ਤਾਂ ਜੁਝਾਰੂ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ 'ਚ ਸੋਧਿਆ ਸੀ। ਉਹਨਾਂ ਕਿਹਾ ਕਿ ਜੇਕਰ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ ਉਸਦੇ ਗੁਨਾਹਾਂ ਅਨੁਸਾਰ ਸਖਤ ਸਜ਼ਾ ਦਿੱਤੀ ਹੁੰਦੀ ਤਾਂ ਇਹ ਘਟਨਾ ਨਹੀਂ ਸੀ ਵਾਪਰਨੀ, ਜਦੋਂ ਸਰਕਾਰਾਂ ਅਤੇ ਜਥੇਦਾਰ ਹੀ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਤਾਂ ਸਿੱਖਾਂ ਵਿੱਚ ਰੋਹ ਦਾ ਫੁਟਾਲਾ ਫੁੱਟਦਾ ਹੈ ਤੇ ਇਸ ਤਰਾਂ ਦੇ ਕਾਂਡ ਵਾਪਰਦੇ ਹਨ। ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਪਹਿਲਾਂ ਸਭ ਕਹਿੰਦੇ ਰਹੇ ਕਿ ਮੁਗਲ਼ਾਂ, ਅੰਗਰੇਜ਼ਾਂ ਤੇ ਹੋਰ ਸਮੇਂ ਦੇ ਸ਼ਾਸਕਾਂ ਨੇ ਸਿੱਖੀ ਦਾ ਓਨਾ ਨੁਕਸਾਨ ਨਹੀਂ ਕੀਤਾ, ਜਿੰਨਾ ਬਾਦਲਕਿਆਂ ਨੇ ਕੀਤਾ। ਆਮ ਹੀ ਚਰਚਾ ਚਲਦੀ ਸੀ ਅਬਦਾਲੀ ਤੇ ਇੰਦਰਾ ਵਰਗਿਆਂ ਨੇ ਸਿੱਖ ਮਾਰੇ, ਪਰ ਬਾਦਲਕਿਆਂ ਨੇ ਤਾਂ ਸਿੱਖੀ ਮਾਰ ਦਿੱਤੀ । ਤੇ ਹੁਣ ਜੇ ਕੋਈ ਇਹਨਾਂ ਨੂੰ ਸੋਧਾ ਲਾਉਣ ਲਈ ਨਿਤਰਿਆ ਤਾਂ ਕਹਿ ਰਹੇ ਨੇ ਕਿ ਸਹੀ ਥਾਂ ਤੇ ਸਹੀ ਸਮੇ 'ਤੇ ਐਕਸ਼ਨ ਨਹੀਂ ਕੀਤਾ। ਭਾਈ ਨਰੈਣ ਸਿੰਘ ਨੇ ਜਦੋ ਆਮ ਨਾਲੋਂ ਘੱਟ ਸੁਰੱਖਿਆ ਦੇ ਪਲਾਂ ਨੂੰ ਵਾਚਿਆ ਤਾਂ ਇਹ ਸੋਚ ਕੇ ਸੋਧਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਹੁਣ ਹੀ ਕਾਬੂ ਆ ਸਕਦਾ ਭਾਵ "ਅਭੀ ਨਹੀਂ ਤੋ ਕਭੀ ਨਹੀਂ।" ਭਾਈ ਭੁਪਿੰਦਰ ਸਿੰਘ ਨੇ ਕਿਹਾ ਕਿ ਗੁਰੂ ਘਰ ਦੇ ਦੋਖੀਆਂ ਨੂੰ ਗੁਰੂ ਘਰ ਚ ਸੋਧਣ ਦੀ ਕੋਸ਼ਿਸ਼ ਕਰਨਾ ਗਲਤ ਨਹੀਂ ਹੈ। ਉਨਾ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਬਚਾਇਆ, ਸਿੱਖਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਬੁੱਚੜ ਪੁਲਿਸ ਅਫਸਰਾਂ ਨੂੰ ਤਰੱਕੀਆਂ ਦਿੱਤੀਆਂ, ਬਲਾਤਕਾਰੀ ਸਿਰਸੇ ਵਾਲੇ ਨੂੰ ਮਾਫੀ ਦਿਵਾਈ, ਜਥੇਦਾਰਾਂ ਨੂੰ ਆਪਣੇ ਰਿਹਾਇਸ਼ 'ਤੇ ਸੱਦ ਕੇ ਪੰਥ ਵਿਰੋਧੀ ਫੈਸਲੇ ਕਰਵਾਏ ਅਤੇ ਸਿੱਖੀ ਅਤੇ ਸਿੱਖਾਂ ਦਾ ਰੱਜ ਕੇ ਘਾਣ ਕੀਤਾ ਤੇ ਇਹ ਪਾਪ ਗੁਨਾਹ ਹਰਗਿਜ ਬਖਸ਼ਣਯੋਗ ਨਹੀ ਸਨ। ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਬਾਜ਼ਾਂ ਨੇ ਆਪਣੇ ਕੰਮ ਕਰਦੇ ਰਹਿਣਾ ਹੈ ਤੇ ਕਾਂਵਾਂ ਨੇ ਕਾਂ ਕਾਂ ਕਰੀ ਜਾਣਾ ਹੈ। ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਜੋ ਭਾਈ ਕ੍ਰਿਸ਼ਨ ਭਗਵਾਨ ਸਿੰਘ, ਭਾਈ ਗੁਰਜੀਤ ਸਿੰਘ ਸਰਾਵਾਂ, ਭਾਈ ਜਸਪਾਲ ਸਿੰਘ, ਭਾਈ ਦਰਸ਼ਨ ਸਿੰਘ ਲੁਹਾਰਾ, ਭਾਈ ਕਮਲਜੀਤ ਸਿੰਘ ਸੁਨਾਮ ਆਦਿ ਸਿੰਘਾਂ ਨੂੰ ਸ਼ਹੀਦ ਕੀਤਾ ਉਹ ਵੀ ਤਾਂ ਮਾਵਾਂ ਦੇ ਪੁੱਤ ਸਨ। ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਘਰ 3 ਦਸੰਬਰ ਨੂੰ ਪੁਲਿਸ ਵੱਲੋਂ ਕੀਤੀ ਛਾਪੇਮਾਰੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਤੇ ਕਿਹਾ ਕਿ ਸਰਕਾਰ ਭਾਵੇਂ ਬਾਦਲ ਦੀ ਹੋਵੇ, ਕੈਪਟਨ ਦੀ ਜਾਂ ਭਗਵੰਤ ਮਾਨ ਦੀ। ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਅਤੇ ਸਿੱਖੀ ਲਈ ਜੂਝਣ ਵਾਲੇ ਸੰਘਰਸ਼ਸ਼ੀਲ ਗੁਰਸਿੱਖਾਂ ਲਈ ਕੁਝ ਵੀ ਨਹੀਂ ਬਦਲਦਾ। ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਹਵਾਲੇ ਦਿੰਦਿਆਂ ਕਿਹਾ ਕਿ ਜਦੋਂ ਇੱਕ ਦੁਸ਼ਟ ਸ੍ਰੀ ਦਰਬਾਰ ਸਾਹਿਬ ਵਿੱਚ ਸਾਨੂੰ 2021 ਵਿੱਚ ਬੇਅਦਬੀ ਕਰਨ ਆਇਆ ਸੀ ਤਾਂ ਸਿੱਖਾਂ ਨੇ ਅੰਦਰ ਹੀ ਸੋਧਿਆ ਸੀ, ਸੰਤ ਭਿੰਡਰਾਂਵਾਲਿਆਂ ਦੇ ਭਤੀਜੇ ਭਾਈ ਸਵਰਨ ਸਿੰਘ ਰੋਡੇ ਅਤੇ ਭਾਈ ਮੇਜਰ ਸਿੰਘ ਨਾਗੋਕੇ ਨੇ 8 ਜੂਨ ਨੂੰ ਗਿਆਨੀ ਜੈਲ ਸਿੰਘ ਉੱਤੇ ਵੀ ਹਮਲਾ ਦਰਬਾਰ ਸਾਹਿਬ ਵਿੱਚ ਹੀ ਕੀਤਾ ਸੀ। ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਇਹ ਵੀ ਕਿਹਾ ਕਿ ਜਥੇਦਾਰਾਂ ਮ ਨੂੰ ਮੌਕਾ ਮਿਲਿਆ ਸੀ ਕਿ ਆਪਣਾ ਨਾਮ ਅਕਾਲੀ ਫੂਲਾ ਸਿੰਘ ਵਾਂਗ ਸੁਨਹਰੀ ਅੱਖਰਾਂ ਵਿੱਚ ਲਿਖਵਾਉਣ ਦਾ, ਇਤਿਹਾਸ ਸਿਰਜਣ ਦਾ ਪਰ ਇਹਨਾਂ ਨੇ ਤਾਂ ਪਾਪੀ ਸੋਚ ਵਾਲਿਆਂ ਨੂੰ ਮਾੜਾ ਰਸਤਾ ਦਿਖਾ ਦਿੱਤਾ ਕਿ ਕੋਈ ਵੀ ਸਿੱਖੀ ਲਈ ਸੰਘਰਸ਼ ਕਰਦੇ ਸਿੱਖਾਂ ਨੂੰ ਗੋਲੀਆਂ ਮਾਰੇ , ਸਿੱਖ ਵਿਰੋਧੀ ਡੇਰਿਆਂ ਨਾਲ ਰਲ ਕੇ ਬੇਅਦਬੀ ਕਰੇ। ਸਿੱਖੀ ਦੇ ਕਾਤਲ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦੇ ਕੇ ਹੋਰ ਪਾਪੀਆਂ ਨੂੰ ਹੱਲਾਸ਼ੇਰੀ ਦੇਵੇ ਤੇ ਫਿਰ ਹੱਥ ਜੋੜ ਕੇ ਜਥੇਦਾਰਾਂ ਸਾਹਮਣੇ ਪੇਸ਼ ਹੋਵੇ ਤੇ ਕਹੇ ਕਿ ਮੈਂ ਸਾਰੇ ਗੁਨਾਹ ਕਬੂਲ ਕਰਦਾ ਹਾਂ ਅਤੇ ਜਥੇਦਾਰ ਉਹਨਾਂ ਤੋਂ ਭਾਂਡੇ ਮੰਜਵਾ ਕੇ, ਹੱਥ ਚ ਬਰਛਾ ਫੜਾ ਕੇ ਤੇ ਪਾਠ ਕਰਵਾ ਕੇ ਘਰ ਭੇਜ ਦੇਣ। ਪਰ ਇਹਨਾਂ ਗੱਲਾਂ ਨਾਲ ਸਿੱਖ ਕੌਮ ਨੇ ਕਦੇ ਸੰਤੁਸ਼ਟ ਨਹੀਂ ਹੋਣਾ, ਜਥੇਦਾਰਾਂ ਨੂੰ ਸਖਤ ਫੈਸਲੇ ਲੈਣੇ ਪੈਣਗੇ ਤਾਂ ਹੀ ਪੰਥ ਦੋਖੀਆਂ ਨੂੰ ਨੱਥ ਪਵੇਗੀ।

# ਮਹਿਕਪ੍ਰੀਤ ਕੌਰ ਨੇ ਸ਼ੂਟਿੰਗ ਮੁਕਾਬਲਿਆਂ 'ਚੋਂ ਗੋਲਡ ਮੈਡਲ ਹਾਸਲ ਕੀਤੇ




ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਤੋਂ ਜੱਥੇ ਦੇ ਸਿੰਘ ਭਾਈ ਨਰਿੰਦਰ ਸਿੰਘ ਕੁਲਰੀਆਂ ਦੀ ਬੇਟੀ ਮਹਿਕਪ੍ਰੀਤ ਕੌਰ ਦਸਮੇਸ਼ ਗਰਲਜ਼ ਕਾਲਜ ਬਾਦਲ ਦੀ ਵਿਦਿਆਰਥਣ ਨੇ ਸ਼ੂਟਿੰਗ ਰਾਈਫ਼ਲ ਮੁਕਾਬਲਿਆਂ ਵਿਚ ਚੰਗਾ ਪ੍ਰਦਰਸ਼ਨ ਕਰਦਿਆਂ ਆਪਣਾ ,ਮਾਪਿਆਂ ਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ ਹੈ। ਖਿਡਾਰਨ ਨੇ ਪੀ.ਜੀ.ਡੀ.ਸੀ.ਏ ਦੀ ਹ ਪੜ੍ਹਾਈ ਕਰਦਿਆਂ ਮੋਹਾਲੀ ਵਿਖੇ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ ਵਿਚ 50 ਮੀਟਰ ਰਾਈ.ਫ਼ਲ ਸ਼ੂਟਿੰਗ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕੀਤਾ। ਇਸ ਤਰ੍ਹਾਂ ਹੀ ਭੁਪਾਲ ਵਿਖੇ ਹੋਏ 0755 ਇੰਡੀਆ ਓਪਨ ਮੁਕਾਬਲੇ ਵਿਚ 50 ਮੀਟਰ ਪਰਾਉਨ ਦੀ ਪੁਜ਼ੀਸ਼ਨ ਵਿਚ ਗੋਲਡ ਮੈਡਲ ਹਾਸਲ।

50 ਮੀਟਰ ਪ੍ਰੋਨ ਪੋਜੀਸ਼ਨ ਜੂਨੀਅਰ ਵੂਮੈਨ

ਸੋਨੇ ਦਾ ਤਗਮਾ,59ਵੀਂ ਪੰਜਾਬ ਰਾਜ ਸ਼ੂਟਿੰਗ ਚੈਂਪੀਅਨਸ਼ਿਪ ਮੋਹਾਲੀ 22 ਰਾਈਫਲ

50 ਮੀਟਰ ਪ੍ਰੋਨ ਜੂਨੀਅਰ ਵੂਮੈਨ ਟੀਮ ਗੋਲਡ ਮੈਡਲ,ਜ਼ਿਲ੍ਹਾ ਸ਼ੂਟਿੰਗ ਚੈਂਪੀਅਨਸ਼ਿਪ

10 ਮਾਤਰਾ ਜੂਨੀਅਰ ਮਹਿਲਾ ਵਿਅਕਤੀਗਤ ਸਿਲਵਰ ਮੈਡਲ ,50 ਮੀਟਰ ਪ੍ਰੋਨ ਜੂਨੀਅਰ ਮਹਿਲਾ ਵਿਅਕਤੀਗਤ ਗੋਲਡ ਮੈਡਲ ਹਾਸਲ ਕੀਤੇ ਮਹਿਕਪ੍ਰੀਤ ਕੌਰ ਦੀ ਇਸ ਪ੍ਰਾਪਤੀ 'ਤੇ ਮਾਪਿਆਂ, ਕਾਲਜ ਸਟਾਫ਼ ਤੇ ਪਿੰਡ ਵਾਸੀਆਂ ਨੇ ਮਾਣ ਮਹਿਸੂਸ ਕੀਤਾ ਹੈ।

ਬਰਸੀ 'ਤੇ ਵਿਸ਼ੇਸ਼

# ਸਿੱਖ ਸੋਚ ਦੇ ਨਿਸ਼ਠਾਵਾਨ ਵਿਦਵਾਨ - ਡਾ: ਭਾਈ ਜੋਧ ਸਿੰਘ

-ਭਗਵਾਨ ਸਿੰਘ ਜੌਹਲ
bhagwansinghjohal@gmail.com



80 ਵਰ੍ਹਿਆਂ ਦੀ ਵਡੇਰੀ ਉਮਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਉੱਪ-ਕੁਲਪਤੀ ਬਣਨ ਵਾਲੇ, ਸਰਦਾਰ ਬਹਾਦਰ ਅਤੇ ਪਦਮ ਭੂਸ਼ਣ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਡਾ: ਭਾਈ ਜੋਧ ਸਿੰਘ ਅਜਿਹੇ ਸਿੱਖ ਚਿੰਤਕ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਪ੍ਰਸ਼ੰਸਕ ਅੱਜ ਵੀ ਉਸੇ ਸ਼ਿਦਤ ਨਾਲ ਪਿਆਰ ਤੇ ਸਨੇਹ ਦਿੰਦੇ ਹਨ, ਜਿੰਨਾ ਉਨ੍ਹਾਂ ਨੂੰ ਆਪਣੇ ਜਿਊਂਦੇ ਜੀਅ ਮਿਲਦਾ ਰਿਹਾ। ਡਾ: ਭਾਈ ਜੋਧ ਸਿੰਘ ਨੇ ਆਪਣੀ ਹਯਾਤੀ ਦੌਰਾਨ ਨਿਸ਼ਠਾਵਾਨ ਵਿਦਵਾਨ ਵਜੋਂ ਸਿੱਖ ਸੋਚ ਤੇ ਸਿੱਖ ਸੱਭਿਆਚਾਰ ਦੇ ਵਿਸਥਾਰ ਲਈ ਅਜਿਹੇ ਯਾਦਗਾਰੀ ਕਾਰਜ ਕੀਤੇ, ਜਿਹੜੇ ਬਹੁਤ ਸਾਰੀਆਂ ਸੰਸਥਾਵਾਂ ਇਕੱਠੇ ਹੋ ਕੇ ਵੀ ਨਹੀਂ ਕਰ ਸਕੀਆਂ। ਇਸ ਉੱਘੀ ਸ਼ਖ਼ਸੀਅਤ ਦਾ ਜਨਮ 31 ਮਈ, 1882 ਈ: ਨੂੰ ਬਖਸ਼ੀ ਰਾਮ ਲਾਂਬਾ ਦੇ ਘਰ ਮਾਈ ਗੁਲਾਬ ਦੇਵੀ ਦੇ ਕੁੱਖ ਤੋਂ ਪਿੰਡ ਘੁੰਗਰੀਲਾ, ਤਹਿਸੀਲ ਗੁਜਰਖਾਨ, ਜ਼ਿਲ੍ਹਾ ਰਾਵਲਪਿੰਡੀ (ਲਹਿੰਦਾ ਪੰਜਾਬ) ਪਾਕਿਸਤਾਨ ਵਿਖੇ ਹੋਇਆ। ਅੰਮ੍ਰਿਤ ਛਕਣ ਤੋਂ ਪਹਿਲਾਂ ਆਪ ਦਾ ਨਾਂਅ ਸੰਤ ਸਿੰਘ ਸੀ। ਜਨਮ ਤੋਂ ਪਿੱਛੋਂ ਦੋ ਸਾਲ ਦੀ ਮਾਸੂਮੀਅਤ ਦੀ ਉਮਰ ਵਿੱਚ ਪਿਤਾ ਜੀ ਸਦੀਵੀ ਵਿਛੋੜਾ ਦੇ ਗਏ। ਇਨ੍ਹਾਂ ਦੀ ਪਰਵਰਿਸ਼ ਦਾਦਾ ਸ। ਤੇਜਾ ਸਿੰਘ ਨੇ ਕੀਤੀ। ਮੈਟ੍ਰਿਕ ਦਾ ਇਮਤਿਹਾਨ ਮਿਸ਼ਨ ਹਾਈ ਸਕੂਲ ਰਾਵਲਪਿੰਡੀ ਤੋਂ ਪਾਸ ਕੀਤਾ। ਇਸ ਤੋਂ ਪਹਿਲਾਂ ਮੁੱਢਲੀ ਤਾਲੀਮ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਜਦੋਂ 1898 ਈ: ਵਿੱਚ ਪੰਜਾਬ ਯੂਨੀਵਰਸਿਟੀ ਤੋਂ ਮੈਟ੍ਰਿਕ ਵਿੱਚ ਸਕਾਲਰਸ਼ਿੱਪ ਪ੍ਰਾਪਤ ਕੀਤਾ, ਤਾਂ ਸਾਰੇ ਪਰਿਵਾਰ ਵੱਲੋਂ ਭਰਪੂਰ ਪਿਆਰ ਮਿਲਿਆ। 30 ਦਸੰਬਰ, 1897 ਨੂੰ ਗਿਆਨੀ ਠਾਕਰ ਸਿੰਘ ਦੀ ਅਗਵਾਈ ਵਿੱਚ ਪੰਜਾਂ ਪਿਆਰਿਆਂ ਤੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਹੁਣ ਸੰਤ ਸਿੰਘ ਤੋਂ ਜੋਧ ਸਿੰਘ ਨਾਂਅ ਪ੍ਰਾਪਤ ਹੋਇਆ। ਸਿੰਘ ਸਭਾ ਲਹਿਰ ਉਸ ਸਮੇਂ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਰਹੀ ਸੀ। ਸਾਂਝੇ ਪੰਜਾਬ ਦੇ ਉਸ ਸਮੇਂ ਦੇ ਪਿੰਡਾਂ ਸ਼ਹਿਰਾਂ ਵਿੱਚ ਸਿੰਘ ਸਭਾ ਲਹਿਰ ਦਾ ਪ੍ਰਚਾਰ ਪਹੁੰਚ ਚੁੱਕਾ ਸੀ। ਇਸੇ ਪ੍ਰਭਾਵ ਅਧੀਨ ਆਪ ਨੇ ਸਿੱਖ ਧਰਮ ਦੇ ਗ੍ਰੰਥਾਂ ਅਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕੀਤਾ। ਆਪ ਧਾਰਮਿਕ ਦੀਵਾਨਾਂ ਵਿੱਚ ਸਫ਼ਲ ਬੁਲਾਰੇ ਵਜੋਂ ਸਤਿਕਾਰੇ ਜਾਂਦੇ ਸਨ।

ਜਿਸ ਸਕੂਲ ਤੋਂ ਮੈਟ੍ਰਿਕ ਦਾ ਇਮਤਿਹਾਨ ਵਜ਼ੀਫੇ ਸਹਿਤ ਪਾਸ ਕੀਤਾ ਸੀ, ਇਥੋਂ ਹੀ ਐੱਫ ਏ। ਦਾ ਇਮਤਿਹਾਨ ਪਾਸ ਕੀਤਾ। ਸੰਨ 1900 ਈ: ਵਿੱਚ ਡਾਕਖਾਨੇ ਦੀ ਨੌਕਰੀ ਤੋਂ ਪਿੱਛੋਂ ਟਰਾਂਸਪੋਰਟ ਵਿਭਾਗ ਵਿੱਚ ਵੀ ਕਾਰਜਸ਼ੀਲ ਰਹੇ। 1902 ਈ: ਵਿੱਚ ਸ। ਸੁੰਦਰ ਸਿੰਘ ਮਜੀਠੀਆ ਨੇ ਭਾਈ ਜੋਧ ਸਿੰਘ ਨੂੰ ਆਪਣੇ ਬੱਚਿਆਂ ਦੇ ਅਧਿਆਪਕ ਵਜੋਂ ਨਿਯੁਕਤ ਕੀਤਾ। 1904 ਈ: ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਗ੍ਰੈਜੂਏਸ਼ਨ ਕਰਨ ਤੋਂ ਪਿੱਛੋਂ ਫਾਰਮਨ ਕ੍ਰਿਸ਼ਚੀਅਨ ਕਾਲਜ ਲਾਹੌਰ ਤੋਂ ਗਣਿਤ ਦੇ ਵਿਸ਼ੇ ਵਿੱਚ ਪੋਸਟ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕੀਤੀ। ਇਨ੍ਹਾਂ ਦੋਵਾਂ ਇਮਤਿਹਾਨਾਂ ਵਿੱਚ ਪੰਜਾਬ ਯੂਨੀਵਰਸਿਟੀ ਵਿੱਚੋਂ ਪਹਿਲੇ ਦਰਜੇ 'ਤੇ ਰਹੇ ਅਤੇ ਗੋਲਡ ਮੈਡਲ ਪ੍ਰਾਪਤ ਕੀਤੇ।

1906 ਈ: ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਗਣਿਤ ਤੇ ਧਾਰਮਿਕ ਸਿੱਖਿਆ ਦੇ ਲੈਕਚਰਾਰ ਵਜੋਂ ਨਿਯੁਕਤੀ ਪ੍ਰਾਪਤ ਕੀਤੀ। ਉਨ੍ਹਾਂ ਦਿਨਾਂ ਵਿੱਚ ਖ਼ਾਲਸਾ ਕਾਲਜ ਉੱਪਰ ਅੰਗ੍ਰੇਜ਼ ਸਰਕਾਰ ਦਾ ਪੂਰਾ ਗਲਬਾ ਬਣ ਚੁੱਕਾ ਸੀ। ਅੰਗ੍ਰੇਜ਼ੀ ਸਰਕਾਰ ਦੇ ਇਸ ਗਲਬੇ ਤੋਂ ਕਾਲਜ ਨੂੰ ਅਜ਼ਾਦ ਕਰਵਾਉਣ ਲਈ ਆਪ ਨੇ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਨਿਸ਼ਠਾਵਾਨ ਅਧਿਆਪਕਾਂ ਅਤੇ ਸਮਾਜ ਸੇਵੀਆਂ ਦੇ ਮਾਂ-ਬੋਲੀ ਨਾਲ ਪਿਆਰ ਕਰਨ ਵਾਲੇ ਪ੍ਰੋਫੈਸਰਾਂ ਦੇ ਗਰੁੱਪ ਵਿੱਚ ਸ਼ਾਮਿਲ ਹੋ ਕੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸੇ ਕਾਰਨ ਹੀ ਅੰਗ੍ਰੇਜ਼ ਹਕੂਮਤ ਵੱਲੋਂ ਖ਼ਾਲਸਾ ਕਾਲਜ ਦੇ ਪ੍ਰਬੰਧ ਵਿੱਚ ਦਖ਼ਲ ਤੋਂ ਦੁਖੀ ਹੋ ਕੇ 1913 ਈ: ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਨੌਕਰੀ ਤੋਂ ਮੁਕਤੀ ਪ੍ਰਾਪਤ ਕਰ ਲਈ। ਜਦੋਂ ਇਸ ਲੰਬੀ ਲੜਾਈ ਤੋਂ ਪਿੱਛੋਂ 1924 ਵਿੱਚ ਅੰਗ੍ਰੇਜ਼ ਸਰਕਾਰ ਨੇ ਕਾਲਜ ਦੇ ਪ੍ਰਬੰਧ ਵਿੱਚ ਆਪਣੀ ਦਖ਼ਲ-ਅੰਦਾਜ਼ੀ ਖ਼ਤਮ ਕੀਤੀ, ਮੁੜ ਇਸੇ ਕਾਲਜ ਵਿੱਚ ਲੈਕਚਰਾਰ ਰੱਖ ਲਿਆ ਗਿਆ।

ਆਪ ਨੇ ਅੰਗ੍ਰੇਜ਼ੀ ਭਾਸ਼ਾ ਵਿੱਚ ਜਪੁਜੀ, ਲਾਈਫ ਆਫ਼ ਸ੍ਰੀ ਗੁਰੂ ਅਮਰਦਾਸ ਜੀ, 33 ਸਵੱਯੇ, ਸਮ ਸਟਡੀਜ਼ ਇਨ ਸਿੱਖ-ਇਜ਼ਮ, ਗੋਸਪੈਲ ਆਫ਼ ਗੁਰੂ ਨਾਨਕ ਇਨ ਹਿਜ਼ 5ਨ ਵਰਡਜ਼ ਅਤੇ ਕਬੀਰ ਆਦਿ ਪੁਸਤਕਾਂ ਪਾਠਕਾਂ ਦੀ ਝੋਲੀ ਪਾਈਆਂ। ਜੋ ਉਸ ਸਮੇਂ ਦੇ ਵਿਦਵਾਨਾਂ ਤੇ ਪਾਠਕਾਂ ਵਿੱਚ ਦੁਨੀਆਂ ਭਰ ਵਿੱਚ ਸਲਾਹੀਆਂ ਗਈਆਂ। ਇਸ ਵੱਡੇ ਕਾਰਜ ਤੋਂ ਇਲਾਵਾ ਕਈ ਵਿਸ਼ਵ ਕੋਸ਼ਾਂ ਅਤੇ ਪੁਸਤਕਾਂ ਵਿੱਚ ਉਨ੍ਹਾਂ ਵੱਲੋਂ ਕੀਤੇ ਇੰਦਰਾਜ਼ ਅਤੇ ਵੱਖ-ਵੱਖ ਵਿਸ਼ਿਆਂ 'ਤੇ ਲਿਖੇ ਲੇਖ ਵੀ ਯਾਦਗਾਰੀ ਕੰਮ ਵਜੋਂ ਸਤਿਕਾਰੇ ਜਾਂਦੇ ਹਨ। ਡਾ: ਭਾਈ ਜੋਧ ਸਿੰਘ ਨੇ ਆਪਣੇ ਜੀਵਨ ਦੇ ਅੰਤਿਮ ਦਿਨ ਲੁਧਿਆਣਾ ਵਿਖੇ ਆਪਣੀ ਰਿਹਾਇਸ਼ ਵਿੱਚ ਬਿਤਾਏ। ਇਸ ਸਮੇਂ ਦੌਰਾਨ ਉਨ੍ਹਾਂ ਪ੍ਰੋ: ਗੁਰਬਚਨ ਸਿੰਘ ਤਾਲਿਬ ਵੱਲੋਂ ਤਿਆਰ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ੍ਰੇਜ਼ੀ ਅਨੁਵਾਦ ਦੀ ਸੋਧ-ਸੁਧਾਈ ਦਾ ਕਾਰਜ ਕੀਤਾ। ਆਪਣੀ ਲੰਮੀ, ਸੂਝ, ਸਹਿਜ ਵਾਲੀ ਉਮਰ ਦੇ ਸੌਵੇਂ ਵਰ੍ਹੇ ਵਿੱਚ ਉਨ੍ਹਾਂ 4 ਦਸੰਬਰ, 1981 ਨੂੰ ਆਪਣੇ ਅੰਤਿਮ ਸੁਆਸ ਲੁਧਿਆਣਾ ਵਿਖੇ ਲਏ। ਡਾ: ਭਾਈ ਜੋਧ ਸਿੰਘ ਸਿੱਖ ਜਗਤ ਦੀਆਂ ਲਿਆਕਤ ਅਤੇ ਸਿਆਣਪ ਵਾਲੀਆਂ ਹੁਣ ਤੱਕ ਹੋਈਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚੋਂ ਅਜਿਹੇ ਇਨਸਾਨ ਸਨ, ਜੋ ਸਿੱਖੀ ਲਈ ਜੀਵੇ, ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੂਰਾ ਜੀਵਨ ਸਮਰਪਿਤ ਰਹੇ।

ਕਵੀਸ਼ਰਾਂ ਨੇ ਇਕੱਠੇ ਹੋ ਕੇ ਜਗਰਾਜ ਸਿੰਘ ਮੱਲੇਆਣਾ ਦਾ ਕੀਤਾ ਵਿਸ਼ੇਸ਼ ਸਨਮਾਨ

# ਜਗਰਾਜ ਸਿੰਘ ਮੱਲੇਆਣਾ ਇੱਕ ਵਧੀਆ ਕਵੀਸ਼ਰ ਹੋਣ ਦੇ ਨਾਲ ਨਾਲ ਚੰਗੇ ਇਨਸਾਨ ਵੀ ਹਨ : ਵਾਹਿਗੁਰੂ ਪਾਲ ਸਿੰਘ



ਮੋਗਾ -(ਵਰਿਆਮ ਹਠੂਰ) ਕਵੀਸ਼ਰੀ ਜਗਤ ਦੇ ਅਨਮੋਲ ਹੀਰੇ ਸਤਿਕਾਰਯੋਗ ਸ਼ਖ਼ਸੀਅਤ ਜਗਰਾਜ ਸਿੰਘ ਮੱਲੇਆਣਾ (ਇਟਲੀ ਵਾਲੇ) ਜੋ ਸਟੇਜਾਂ ਦੇ ਜਾਦੂਗਰ ਰਹੇ ਗਿਆਨੀ ਗੁਰਨਾਮ ਸਿੰਘ ਬਰਾੜ ਦੇ ਸ਼ਿਗਰਦ ਹਨ। ਜਿਨ੍ਹਾਂ ਨੇ ਬਹੁਤ ਸਮਾਂ ਦਰਬਾਰ ਸੰਪ੍ਰਦਾਇ ਲੋਪੋ ਵਿਖੇ ਕਵੀਸ਼ਰੀ ਰਾਹੀ ਸੇਵਾਵਾਂ ਨਿਭਾਈਆਂ ਕਵੀਸ਼ਰ ਭਾਈਚਾਰੇ ਵੱਲੋਂ ਇਕੱਤਰ ਹੋ ਕੇ ਕਵੀਸ਼ਰ ਜਗਰਾਜ ਸਿੰਘ ਮੱਲੇਆਣਾ ਇਟਲੀ ਵਾਲਿਆਂ ਨੂੰ ਕਵੀਸ਼ਰੀ ਕਲਾ ਵਿਚ ਵਧੀਆ ਢੰਗ ਨਾਲ ਸੇਵਾਵਾਂ ਨਿਭਾਉਣ ਅਤੇ ਕਵੀਸ਼ਰੀ ਕਲਾ ਨੂੰ ਪ੍ਰਫੁੱਲਿਤ ਕਰਨ ਵਾਸਤੇ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ ਤੇ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਤੇ ਨਾਲ ਨਾਲ ਉਨ੍ਹਾਂ ਦੀ ਮਾਤਾ ਦਾ ਵੀ ਸਤਿਕਾਰ ਕੀਤਾ ਗਿਆ, ਸ: ਜਗਰਾਜ ਸਿੰਘ ਮੱਲੇਆਣਾ ਨੇ ਸਮੂਹ ਕਵੀਸ਼ਰ ਭਾਈਚਾਰੇ ਦਾ ਮਾਣ ਸਤਿਕਾਰ ਦੇਣ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਗੱਲਬਾਤ ਕਰਦਿਆਂ ਕਵੀਸ਼ਰੀ ਸਭਾ ਦੇ ਚੇਅਰਮੈਨ ਵਾਹਿਗੁਰੂ ਪਾਲ ਸਿੰਘ ਬੁਰਜ ਕੁਲਾਰਾ ਨੇ ਕਿਹਾ ਕਿ ਸ: ਜਗਰਾਜ ਸਿੰਘ ਮੱਲੇਆਣਾ ਇੱਕ ਵਧੀਆ ਕਵੀਸ਼ਰ ਹੋਣ ਦੇ ਨਾਲ ਨਾਲ ਇੱਕ ਚੰਗੇ ਇਨਸਾਨ ਵੀ ਹਨ। ਜੋ ਕਵੀਸ਼ਰੀ ਕਲਾ ਨੂੰ ਪ੍ਰਫੁੱਲਿਤ ਕਰਨ ਲਈ ਸਮੇਂ ਸਮੇਂ ਤੇ ਸਹਿਯੋਗ ਦਿੰਦੇ ਹਨ। ਖ਼ਾਸੀਅਤ ਇਹ ਹੈ ਕਿ ਉਹ ਇਟਲੀ ਦੀ ਧਰਤੀ ਤੇ ਰਹਿ ਕੇ ਵੀ ਆਪਣੇ ਪੰਜਾਬ ਦੀ ਮਿੱਟੀ ਅਤੇ ਕਵੀਸ਼ਰੀ ਕਲਾ ਨਾਲ ਜੁੜੇ ਹੋਏ ਹਨ। ਤੇ ਕਵੀਸ਼ਰੀ ਕਲਾ ਨੂੰ ਬੇਹੱਦ ਪਿਆਰ ਕਰਦੇ ਹਨ। ਇਸ ਮੌਕੇ ਗਿਆਨੀ ਗੁਰਨਾਮ ਸਿੰਘ ਬਰਾੜ ਕਵੀਸ਼ਰੀ ਸਭਾ ਦੇ ਪ੍ਰਧਾਨ ਕਵੀਸ਼ਰ ਮਨਪ੍ਰੀਤ ਸਿੰਘ ਮਾਨ ਦੌਧਰ, ਪ੍ਰਧਾਨ ਤਰਸੇਮ ਸਿੰਘ ਦੌਧਰ, ਕਵੀਸ਼ਰ ਜੋਗਿੰਦਰ ਸਿੰਘ ਦੌਧਰ, ਭੈਣ ਨਰਿੰਦਰ ਕੌਰ ਰਾਣੀ, ਕਵੀਸ਼ਰ ਕੁਲਵੰਤ ਸਿੰਘ ਮਾਣੂੰਕੇ, ਕਵੀਸ਼ਰ ਇਕਬਾਲ ਸਿੰਘ ਬਰਾੜ ਫੇਰੋਕੇ, ਕਵੀਸ਼ਰ ਸਾਮ ਦਾਸ ਭੱਟੀਵਾਲ, ਕਵੀਸ਼ਰ ਮਨਦੀਪ ਸਿੰਘ ਮਾਣੂੰਕੇ, ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ. ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ



ਨਵੀਂ ਦਿੱਲੀ, 4 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸ. ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਸੇਵਾ ਨਿਭਾਉਂਦਿਆਂ ਸ. ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ 'ਤੇ ਲੈਣਾ ਬੇਹੱਦ ਦੁਖਦਾਈ ਅਤੇ ਗ਼ੈਰ-ਇਖਲਾਕੀ ਕਰਵਾਈ ਹੈ। ਹਿੰਸਕ ਪ੍ਰਵਿਰਤੀ ਨਾਲ ਕੀਤਾ ਗਿਆ ਹਮਲਾ ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਆਭਾ 'ਤੇ ਵੀ ਹਮਲਾ ਕਿਹਾ ਜਾ ਸਕਦਾ ਹੈ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਪ੍ਰੰਪਰਾ ਰਹੀ ਹੈ ਕਿ ਉਹ ਕਿਸੇ ਵੀ ਪੰਥਕ ਅਵੱਗਿਆ ਦਾ ਨੋਟਿਸ ਲੈ ਕੇ ਧਾਰਮਿਕ ਸਜ਼ਾ ਦਾ ਆਦੇਸ਼ ਕਰਦਾ ਹੈ, ਜਿਸ ਨੂੰ ਨਿਮਾਣੇ ਸਿੱਖ ਵਾਂਗ ਮੰਨਣਾ ਹਰ ਇਕ ਸਿੱਖ ਦਾ ਫ਼ਰਜ਼ ਹੈ। ਅਜਿਹੀ ਹੀ ਪਾਲਣਾ ਆਪਣੀ ਧਾਰਮਿਕ ਤਨਖ਼ਾਹ ਪੂਰੀ ਕਰਨ ਦੌਰਾਨ ਸ. ਸੁਖਬੀਰ ਸਿੰਘ ਬਾਦਲ ਸਮਰਪਤ ਹੋ ਕੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸ. ਬਾਦਲ 'ਤੇ ਹਮਲਾ ਕਰਨਾ ਜਿਥੇ ਪੰਥ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਅਤੇ ਗ਼ੈਰ-ਮਨੁੱਖੀ ਹਰਕਤ ਹੈ, ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਸਿੱਧੇ ਤੌਰ 'ਤੇ ਤੌਹੀਨ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਬਾਦਲ 'ਤੇ ਹੋਇਆ ਇਹ ਹਮਲਾ ਪੰਜਾਬ ਸਰਕਾਰ ਅਤੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਅਤੇ ਪੰਜਾਬ ਦੇ ਅਮਨ ਕਾਨੂੰਨ ਦੇ ਹਾਲਾਤਾਂ 'ਤੇ ਵੀ ਵੱਡੇ ਸਵਾਲ ਪੈਦਾ ਕਰਦਾ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ੁੰਮੇਵਾਰੀ ਨਿਭਾਉਂਦਿਆਂ ਧਾਰਮਿਕ ਸੇਵਾ ਦੌਰਾਨ ਹਰ ਅਕਾਲੀ ਆਗੂ ਦੀ ਸੁਰੱਖਿਆ ਯਕੀਨੀ ਬਣਾਏ।

# ਸ੍ਰੀ ਦਰਬਾਰ ਸਾਹਿਬ ਵਿਖੇ ਗੋਲੀ ਚੱਲਣੀ ਮੰਦਭਾਗੀ ਘਟਨਾ:ਡਾ. ਵਿਜੇ ਸਤਬੀਰ ਸਿੰਘ



ਚੌਕ ਮਹਿਤਾ 4 ਦਸੰਬਰ( ਬਾਬਾ ਸੁਖਵੰਤ ਸਿੰਘ ਚੰਨਣਕੇ)- ਗੁਰਦੁਆਰਾ ਸੱਚਖੰਡ ਬੋਰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ. ਏ. ਐਸ. ਨੇ 4 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਘੰਟਾ ਘਰ ਸਾਈਡ ਚੱਲੀ ਗੋਲੀ ਨੂੰ ਅਤੀ ਮੰਦਭਾਗਾ ਦੱਸਿਆ ਹੈ ਉਨ੍ਹਾਂ ਆਪਣੇ ਬਿਆਨ ਵਿੱਚ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਇਹ ਪਾਵਨ ਅਸਥਾਨ ਸੰਸਾਰ ਭਰ ਦੇ ਲੋਕਾਂ ਲਈ ਸ਼ਾਂਤੀ, ਪਿਆਰ ਤੇ ਆਪਸੀ ਭਾਈਚਾਰੇ ਦੇ ਸੰਦੇਸ਼ ਦਾ ਲਖਾਇਕ ਹੈ ਏਥੇ ਕਿਸੇ ਸ਼ਰਾਰਤੀ ਅਨਸਰ ਵੱਲੋਂ ਗੋਲੀ ਚਲਾਉਣੀ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ ਤੇ ਅਜਿਹੀਆਂ ਘਟਨਾਵਾਂ ਗੁਰਧਾਮਾਂ ਵਿੱਚ ਦੁਬਾਰਾ ਨਾ ਵਾਪਰਨ ਇਸ ਪਾਸੇ ਵਿਸ਼ੇਸ਼ ਤਵੱਜੋ ਦੇਣ ਦੀ ਲੋੜ ਹੈ ਉਨ੍ਹਾਂ ਸਿੱਖ ਸੰਗਤਾਂ ਨੂੰ ਸੰਜਮ ਤੇ ਆਪਸੀ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕੀਤੀ।

# ਜਥੇਦਾਰ ਕੁਲਵੰਤ ਸਿੰਘ ਮੰਨਣ ਨੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕੀਤੀ ਨਿੰਦਾ

**ਅੰਮ੍ਰਿਤਸਰ 4 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ ਤਹਿਤ ਲੱਗੀ ਸੇਵਾ ਅਨੁਸਾਰ ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਮੁੱਖ ਗੇਟ ਤੇ ਸੇਵਾ ਨਿਭਾਅ ਰਹੇ ਸ. ਸੁਖਬੀਰ ਸਿੰਘ ਬਾਦਲ ਤੇ ਹੋਏ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਜਥੇਦਾਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਚੋਬਦਾਰ ਦੀ ਸੇਵਾ ਨਿਭਾਅ ਰਹੇ ਸ.ਸੁਖਬੀਰ ਸਿੰਘ ਬਾਦਲ 'ਤੇ ਇਹ ਹਮਲਾ ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰ ਤੇ ਹਮਲਾ ਕਰਨ ਦੇ ਤੁਲ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਕੋਟਿਨ ਕੋਟਿ ਸ਼ੁਕਰਾਨਾ ਹੈ ਜਿਨ੍ਹਾਂ ਨੇ ਆਪਣੇ ਦਰ ਤੇ ਨਿਮਾਣੇ ਸਿੱਖ ਵਜੋਂ ਸੇਵਾ ਨਿਭਾਅ ਰਹੇ ਸੁਖਬੀਰ ਸਿੰਘ ਬਾਦਲ ਤੇ ਹੋਰ ਦਰਸ਼ਨ ਦੀਦਾਰੇ ਕਰਨ ਲਈ ਆਈਆਂ ਸੰਗਤਾਂ ਨੂੰ ਆਪ ਹੱਥ ਦੇ ਕੇ ਰੱਖਿਆ ਹੈ। ਜਥੇਦਾਰ ਮੰਨਣ ਨੇ ਕਿਹਾ ਕਿ ਪੰਜਾਬ ਦੀ ਕਨੂੰਨ ਵਿਵਸਥਾ ਬੁਰੀ ਤਰਾਂ ਫੇਲ੍ਹ ਹੋ ਚੁੱਕੀ ਹੈ, ਜਿਸ ਲਈ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਸਾਰੀ ਘਟਨਾ ਦੀ ਜੁਡੀਸ਼ਲ ਜਾਂਚ ਹੋਵੇ ਤੇ ਮੁੜ ਪੰਜਾਬ ਨੂੰ ਅੱਗ ਦਾ ਲਾਂਬੂ ਲਗਾਉਣ ਦੀ ਸਾਜ਼ਿਸ਼ ਰਚਨ ਵਾਲਿਆਂ ਨੂੰ ਸਾਹਮਣੇ ਲਿਆਂਦਾ ਜਾਵੇ।

# ਪੇਂਡੂ ਬੇਰੁਜਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਲਈ ਸਪੈਸ਼ਲ ਸਿਖਲਾਈ ਕੋਰਸ ਸੁਰੂ 9 ਦਸੰਬਰ ਤੋਂ 20 ਦਸੰਬਰ ਤੱਕ



**ਪਠਾਨਕੋਟ ,04 ਦਸੰਬਰ 2024 (ਆਵਾਜ਼ਿ ਕੌਮ ਬਿਊਰੋ)**-ਜਿਲ੍ਹਾ ਪਠਾਨਕੋਟ ਨਾਲ ਸਬੰਧਿਤ ਪੇਂਡੂ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ ਲਈ ਡੇਅਰੀ ਸਿਖਲਾਈ ਕੋਰਸ ਮਿਤੀ 09/12/2024 ਤੋਂ 20/12/2024 ਤੱਕ,ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਵੈਟਰਨਰੀ ਪੋਲੀਕਲੀਨਿਕ ਮਨਵਾਲ,ਪਠਾਨਕੋਟ ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਕਸ਼ਮੀਰ ਸਿੰਘ, ਸੰਯੁਕਤ ਡਾਇਰੈਕਟਰ ਡੇਅਰੀ ਮੁੱਖ ਦਫਤਰ ਮੋਹਾਲੀ ਜੀ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜਿਲ੍ਹਾ ਪਠਾਨਕੋਟ ਨਾਲ ਸਬੰਧਤ ਪੈਂਡੂ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ,ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਦੀ ਫੀਸ ਜਨਰਲ ਜਾਤੀ ਲਈ 1000/- ਰੁਪਏ ਅਤੇ ਅਨਸੂਚਿਤ ਜਾਤੀ ਲਈ 750/- ਰੁਪਏ ਹੈ,ਜੋ ਕਿ ਮਿਤੀ 09/12/2024 ਨੂੰ ਮੌਕੇ ਤੇ ਹੀ ਜਮ੍ਹਾ ਕਰਵਾਈ ਜਾਵੇਗੀ। ਡੇਅਰੀ ਸਿਖਲਾਈ ਲੈਣ ਉਪਰੰਤ ਵਿਭਾਗ ਵੱਲੋਂ ਇੱਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ। ਜਿਸ ਅਨੁਸਾਰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2,5,10,20 ਦੁਧਾਰੂ ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਕੇ 25% ਜਨਰਲ ਅਤੇ 33% ਅ.ਜਾਤੀ ਲਈ ਸਬਸਿਡੀ ਪ੍ਰਾਪਤ ਕਰ ਸਕਣਗੇ। ਇਸ ਸਬੰਧੀ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਪਠਾਨਕੋਟ ਵਿਖੇ,ਟ੍ਰੇਨਿੰਗ ਲੈਣ ਦੇ ਚਾਹਵਾਨ ਲੜਕੇ/ਲੜਕੀਆਂ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫੋਟੋ ਅਤੇ ਅਧਾਰ ਕਾਰਡ ਦੀ ਫੋਟੋ ਕਾਪੀ ਲੈ ਕੇ ਮਿਤੀ 09/12/2024 ਤੱਕ ਜਿਲਾ ਪ੍ਰਬੰਧਕੀ ਕੰਪਲੈਕਸ, ਮਲਕਪੁਰ, ਦੂਜੀ ਮੰਜਿਲ, ਕਮਰਾ ਨੰ:345-1 ਵਿਖੇ ਫਾਰਮ ਜਮ੍ਹਾਂ ਕਰਵਾ ਸਕਦੇ ਹਨ। ਵਧੇਰੇ ਜਾਣਕਾਰੀ ਲਈ (ਫੋਨ ਨੰ: 0186-2345454 ਜਾ ਹੇਠ ਲਿਖੇ ਮੋਬਾਇਲ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ (9876260243) (8284968878) (9876260243)

# ਸੁਖਬੀਰ ਸਿੰਘ ਬਾਦਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵਰਤਾਰਾ

'ਬਖ਼ਸ਼ ਦੋ ਗਰ ਖਤਾਅ ਕਰੇ ਕੋਈ। ਬਖ਼ਸ਼ ਦੋ ਗਰ ਇਲਤਜਾ ਕਰੇ ਕੋਈ।'

ਸਿੱਖ ਪਰੰਪਰਾ ਵਿਚ ਤਨਖ਼ਾਹ ਕੀ ਹੈ ? –

ਸਿੱਖ ਰਹਿਤ ਮਰਯਾਦਾ ਦੇ ਹਵਾਲੇ ਨਾਲ ਗਲ ਕੀਤੀ ਜਾਵੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਾਗੂ ਹੈ, ਦੇ ਪੰਨਾ ਨੰਬਰ 30 ਉੱਤੇ ਸਾਫ਼ ਅੰਕਿਤ ਹੈ ਕਿ ਸਿੱਖ ਨੇ ਚਾਰ ਕੁਰਹਿਤਾਂ ਨਹੀਂ ਕਰਨੀਆਂ। (1) ਕੇਸਾਂ ਦੀ ਬੇਅਦਬੀ, (2) ਕੁੱਠਾ ਖਾਣਾ,(3) ਪਰ ਇਸਤਰੀ ਪਰ

ਆਵਾਜ਼ਿ ਕੌਮ
AWAZE QAUM
International Newspaper & WEB TV

ਪੁਰਸ਼ ਦਾ ਗਮਨ ਅਤੇ (4) ਤਮਾਕੂ ਦਾ ਸੇਵਨ। ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਅੰਮ੍ਰਿਤ ਛਕਣਾ ਪਵੇਗਾ। ਇਸ ਤੋਂ ਪਹਿਲਾਂ ਰਹਿਤ 'ਚ ਕੋਈ ਭੁੱਲ ਹੋ ਜਾਵੇ ਭਾਵ ਕੁਰਹਿਤ ਹੋਣ 'ਤੇ ਵਿਅਕਤੀ ਪੰਜ ਪਿਆਰਿਆਂ ਅੱਗੇ ਪੇਸ਼ ਹੋਵੇਗਾ ਅਤੇ 'ਤਨਖ਼ਾਹ' ਸਜ਼ਾ ਲਗਾਉਣਾ ਹੋਵੇਗਾ। ਇਸ ਇਲਾਵਾ ਉਹ ਲੋਕ ਵੀ ਤਨਖ਼ਾਹੀਏ ਹਨ ਜੋ, ਮੀਣੇ ਮਸੰਦ, ਧੀਰਮਲੀਏ, ਰਾਮਰਾਈਏ ਆਦਿ ਪੰਥ ਵਿਰੋਧੀ ਜਿਨ੍ਹਾਂ ਬਾਰੇ ਤਖ਼ਤ ਸਾਹਿਬਾਨ ਵੱਲੋਂ ਬਾਈਕਾਟ ਦਾ ਆਦੇਸ਼ ਜਾਰੀ ਹੋਇਆ ਹੋਵੇ ਨਾਲ ਵਰਤਣ ਵਾਲਾ, ਅਤੇ ਨੜੀ ਮਾਰ, ਕੁੜੀ ਮਾਰ ,ਸਿਰ ਗੁੰਮ ਨਾਲ ਵਰਤਣ ਵਾਲਾ ਵੀ ਤਨਖ਼ਾਹੀਆ ਹੈ। ਪਤਿਤ ਅਤੇ ਬੇ ਅੰਮ੍ਰਿਤੀਏ ਦਾ ਝੂਠਾ ਖਾਣ ਵਾਲਾ, ਦਾੜ੍ਹੀ ਰੰਗਣ ਵਾਲਾ, ਨਸ਼ਾ ਕਰਨ ਵਾਲਾ, ਆਦਿ ਤਨਖ਼ਾਹੀਏ ਹਨ।

ਤਨਖ਼ਾਹ ਕੋਈ ਸਜ਼ਾ ਨਹੀਂ, ਇਹ ਪਸ਼ਚਾਤਾਪ ਕਰਨ ਦਾ ਦਾ ਜਰੀਆਂ ਹੈ। ਤਨਖ਼ਾਹ ਹੰਕਾਰ ਨੂੰ ਦੂਰ ਕਰਨ ਅਤੇ ਨਿਮਰਤਾ ਪੈਦਾ ਕਰਨ ਲਈ ਲਗਾਈ ਜਾਂਦੀ ਹੈ। ਤਨਖ਼ਾਹ ਦਾ ਅਸਲ ਅਰਥ ਨਿੱਤਨੇਮ ਵਿੱਚ ਵਾਧਾ ਕਰਨਾ ਹੁੰਦਾ ਹੈ। ਉਸ ਨੂੰ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੋਰ ਬਾਣੀ ਪੜ੍ਹਨ ਸੁਣਨ ਅਤੇ ਹੱਥੀ ਸੇਵਾ ਜਿਹਦੇ ਵਿੱਚ ਲੰਗਰਾਂ ਦੀ ਸੇਵਾ, ਸੰਗਤਾਂ ਦੇ ਜੋੜੇ ਝਾੜਨ, ਜੂਠੇ ਬਰਤਨ ਸਾਫ਼ ਕਰਨ, ਝਾੜੂ ਲਗਾਉਣ ਆਦਿ ਦੇ ਆਦੇਸ਼ ਦਿੱਤੇ ਜਾਂਦੇ ਹਨ।

ਸਿੱਖ ਰਹਿਤ ਮਰਯਾਦਾ ਦੀ ਤਨਖ਼ਾਹ ਲਾਉਣ ਦੀ ਵਿਧੀ ਮੁਤਾਬਿਕ ਤਨਖ਼ਾਹ ਲੁਆਉਣ ਵਾਲੇ ਨੂੰ ਦੰਭ ਭਰਨ 'ਚ ਅੜੀ ਨਹੀਂ ਕਰਨੀ ਚਾਹੀਦੀ, ਇਸੇ ਤਰਾਂ ਸੰਗਤ ਨੂੰ ਬਖ਼ਸ਼ਣ ਵੇਲੇ ( ਪੰਜ ਪਿਆਰਿਆਂ ਨੂੰ) ਵੀ ਹਠ ਨਹੀਂ ਕਰਨਾ ਚਾਹੀਦਾ। ਸੰਸਾਰੀ ਜੀਵ ਭੁੱਲਣ ਹਾਰ ਹੈ ਤੇ ਅਭੁੱਲ ਗੁਰੂ ਕਰਤਾਰ ਹੀ ਹੈ।

'ਭੁੱਲਣ ਅੰਦਰਿ ਸਭੁ ਕੋ ਅਭੁੱਲ ਗੁਰੂ ਕਰਤਾਰ।।"

ਸਿਖੀ ਪਰੰਪਰਾ ਵਿਚ ਸ਼ਰਨ ਆਏ ਨੂੰ ਮੁਆਫ਼ ਕਰਨ ਦੀ ਵਿਲੱਖਣ ਤੇ ਸਿਹਤਮੰਦ ਪਰੰਪਰਾ –

ਸਿੱਖ ਇਤਿਹਾਸ, ਸਭਿਆਚਾਰ ਅਤੇ ਗੁਰਮਤਿ ਵਿਚਾਰਧਾਰਾ ਸਾਨੂੰ ਸਵੈਮਾਣ ਅਤੇ ਅਣਖ ਸਿਖਾਉਂਦੀ ਹੈ। ਸਿੱਖੀ ਸੇਵਾ, ਸਿਮਰਨ, ਵੰਡ ਛਕਣ, ਭਰਾਤਰੀਅਤਾ, ਹਿੰਮਤ ਦਲੇਰੀ ਤੋਂ ਇਲਾਵਾ ਇਕ ਖਿਮਾ ਯਾਚਨਾ ਅਤੇ ਖਿਮਾ ਕਰਨਾ ਜਿਹੇ ਅਨਮੋਲ ਤੇ ਵਿਲਖਣ ਗੁਣਾਂ ਨਾਲ ਵੀ ਮਨੁੱਖ ਨੂੰ ਪ੍ਰੇਰਿਤ ਅਤੇ ਸੰਚਾਲਿਤ ਕਰਦੀ ਹੈ। ਸਿੱਖ ਇਤਿਹਾਸ 'ਚ ਅਜਿਹਾ ਸ਼ਾਇਦ ਹੀ ਕੋਈ ਇਤਿਹਾਸਕ ਪ੍ਰਮਾਣ ਹੋਵੇਗਾ ਜਿੱਥੇ ਸ਼ਰਨ ਆਇਆ ਕਿਸੇ ਭੁਲੱਕੜ ਜਾਂ ਗੁਨਾਹਗਾਰ ਸਿੱਖ ਨੂੰ ਮੁਆਫ਼ੀ ਨਾ ਮਿਲੀ ਹੋਵੇ। ਗੁਰੂਘਰ 'ਚ ਗੁਨਾਹਗਾਰ ਪ੍ਰਤੀ ਹੋਰਨਾਂ ਵਾਂਗ ਸੰਗਸਾਰ ਦੀ ਨਹੀਂ ਸਗੋਂ ਖਿਮਾ ਦੀ ਪ੍ਰਧਾਨ ਪਰੰਪਰਾ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਆਪਣਿਆਂ ਲਈ ਸਤਿਗੁਰਾਂ ਦਾ ਬਖ਼ਸ਼ਿੰਦ ਦਰ ਹੋ ਨਿੱਬੜਦਾ ਹੈ।

'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥"

ਦੀ ਪੰਥ ਰਵਾਇਤ, ਅਸੂਲ ਤੇ ਸਿਧਾਂਤ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁਆਫ਼ ਕਰਨ ਦੀ 'ਬਿਰਦੁ' ਦੀ ਪਾਲਣਾ ਕੀਤੀ ਜਾਂਦੀ ਹੈ। ਗੁਰੂ ਪਰੰਪਰਾ ਅਤੇ ਗੁਰਮਤਿ ਦੀ ਆਚਾਰ ਸੰਹਿਤਾ ਵਿਚ 'ਬਦਲੇ' ਜਿਹੇ ਭਾਵਨਾ ਦੀ ਨਕਾਰਾਤਮਿਕ ਦ੍ਰਿਸ਼ਟੀ ਤੋਂ ਕੋਈ ਥਾਂ ਨਹੀਂ।

ਇਤਿਹਾਸ ਗਵਾਹ ਹੈ ਕਿ 1762 ਈ : ਦੌਰਾਨ ਅਹਿਮਦ ਸ਼ਾਹ ਅਬਦਾਲੀ ਵੱਲੋਂ ਕੁਪ ਦੇ ਅਸਥਾਨ 'ਤੇ ਵੱਡਾ ਘੱਲੂਘਾਰਾ ਵਰਤਾਉਂਦਿਆਂ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਕਰਨ ਵਾਲੇ ਅਫਗਾਨੀ ਸੈਨਿਕਾਂ ਦੇ ਵਤਨ ਵਾਪਸੀ ਸਮੇਂ ਝਨਾਂ ਟੱਪਣ ਤੋਂ ਪਹਿਲਾਂ ਸਿੱਖਾਂ ਵੱਲੋਂ ਹਮਲਾ ਕਰਦਿਆਂ ਉਨ੍ਹਾਂ 'ਚੋਂ ਅਨੇਕਾਂ ਗ੍ਰਿਫ਼ਤਾਰ ਕਰ ਲਏ ਗਏ ਸਨ, ਜਿਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਲਿਆ ਕੇ ਸ੍ਰੀ ਅੰਮ੍ਰਿਤ ਸਰੋਵਰ ਦੀ ਸੇਵਾ ਕਰਵਾਈ ਗਈ, ਉਪਰੰਤ ਉਨ੍ਹਾਂ ਨੂੰ ਜਥੇਦਾਰ ਵੱਲੋਂ ਇਹ ਕਹਿੰਦਿਆਂ ਮੁਆਫ਼ ਕਰ ਦਿੱਤਾ ਗਿਆ ਕਿ ਇਨ੍ਹਾਂ ਨੇ ਜੇ ਗੁਰੂਘਰ ਦੀ ਬੇਅਦਬੀ ਕੀਤੀ ਹੈ ਤਾਂ ਇਨ੍ਹਾਂ ਅੰਮ੍ਰਿਤ ਸਰੋਵਰ ਦੀ ਸੇਵਾ 'ਚ ਹਿੱਸਾ ਵੀ ਪਾਇਆ। ਇਹ ਸਿੱਖਾਂ ਦੇ ਫ਼ਰਾਖ਼-ਦਿਲੀ ਦੀ ਇਕ ਦੁਰਲੱਭ ਮਿਸਾਲ ਹੈ।

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਫ਼ਰਮਾਨ ਹੈ........

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ।।
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ।।( ਅੰਗ 855)

ਭਾਵ ਜੇਕਰ ਕੋਈ ਸਤਿਗੁਰੂ ਕਾ ਨਿੰਦਕ ਵੀ ਹੋਵੇ ਅਤੇ ਮੁੜ ਗੁਰੂ ਦੀ ਸ਼ਰਨ ਵਿਚ ਆ ਜਾਵੇ ਤਾਂ ਸਤਿਗੂਰੂ ਜੀ ਉਸ ਦੇ ਪਿਛਲੇ ਔਗੁਣ – ਗੁਨਾਹ ਬਖ਼ਸ਼ ਲੈਂਦੇ ਹਨ ਅਤੇ ਅੱਗੋਂ ਸੰਗਤ ਦਾ ਮਾਣਯੋਗ ਹਿੱਸਾ ਬਣਾ ਦਿੰਦੇ ਹਨ। ਇਸੇ ਤਰਾਂ

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ-----

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥2॥
( ਅੰਗ 624)

ਭਾਵ ਕਿ ਜਿਸ ਤਰਾਂ ਬਾਲਕ ਸੁਭਾਵਕ ਹੀ ਲੱਖਾਂ ਅਪਰਾਧ ਜਾਂ ਗੁਨਾਹ ਕਰਦਾ ਹੈ ਤਾਂ ਵੀ ਪਿਤਾ ਬਹੁ ਭਾਤੀ ਝਿੜਕਦਾ ਉਪਦੇਸ਼ ਦਿੰਦਾ ਅਤੇ ਫਿਰ ਗਲ ਨਾਲ ਲਾ ਲੈਂਦਾ ਹੈ। ਅਕਾਲੀ ਲੀਡਰਸ਼ਿਪ ਦੇ ਮੌਜੂਦਾ ਵਰਤਾਰੇ 'ਚ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬਾਨ ਨੇ ਦੋਸ਼ੀਆਂ ਦੇ ਗਲਾਂ 'ਚ ਤਖ਼ਤੀਆਂ ਪਾਈਆਂ ਜਿਨ੍ਹਾਂ 'ਤੇ

ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਸ਼ਲੋਕ

"ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ।। ਹਮ ਅਪਰਾਧੀ ਤੁਰ ਬਖਸਾਤੇ।।

ਜਿਸੁ ਪਾਪੀ ਕਉ ਮਿਲੈ ਨ ਢੋਈ।। ਸ਼ਰਣਿ ਆਵੈ ਤਾਂ ਨਿਰਮਲੁ ਹੋਈ।।"

ਭਾਵ ਸਤਿਗੁਰੂ ਨਿਰਵੈਰ ਹੈ ਅਸੀਂ ਅਪਰਾਧੀ ਹਾਂ ਪਰ ਪ੍ਰਭੂ ਬਖਸ਼ਣਹਾਰਾ ਹੈ। ਜਿਸ ਪਾਪੀ ਨੂੰ ਕਿਤੇਓ ਢੋਈ ਨਹੀਂ ਮਿਲਦੀ ਉਹ ਸਤਿਗੁਰਾਂ ਦੇ ਸ਼ਰਨ ਆ ਜਾਵੇ ਤਾਂ ਨਿਰਮਲ ਹੋ ਜਾਂਦਾ ਹੈ, ਲਿਖੇ ਹੋਏ ਹਨ।

ਇਹੀ ਗੁਰੂ ਜੁਗਤਿ ( ਮਾਡਲ) ਗੁਰੂ ਪੰਥ ਦੀ ਪ੍ਰਮੁੱਖ ਅਤੇ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲਾਗੂ ਅਤੇ ਨਿਰੰਤਰ ਕਾਰਜਸ਼ੀਲ



ਰਿਹਾ ਹੈ। ਹਰ ਗੁਰਸਿੱਖ ਨੂੰ ਗੁਰੂ ਬਚਨਾਂ 'ਤੇ ਪੂਰਨ ਭਰੋਸਾ ਹੈ ਕਿ ਗੁਰੂਘਰ 'ਚ ਚੱਲ ਕੇ ਸ਼ਰਨ ਆਇਆਂ ਨੂੰ ਅਵੱਸ਼ ਮੁਆਫ਼ੀ ਮਿਲਦੀ ਹੈ। ਗੁਰੂ ਪੰਥ ਵੱਲੋਂ ਖ਼ਾਰਜ ਕੀਤਾ ਗਿਆ ਵਿਅਕਤੀ ਕਿਸੇ ਵੀ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਗੁਰੂ ਪੰਥ ਦੇ ਸਿਧਾਂਤ, ਮਰਯਾਦਾ ਤੇ ਪਰੰਪਰਾ ਨੂੰ ਸਵੀਕਾਰ ਕਰਦਿਆਂ ਆਪਣਾ ਰੋਮ ਰੋਮ ਗੁਰੂ ਪੰਥ ਨੂੰ ਸਮਰਪਿਤ ਕਰਦਾ ਹੈ ਤਾਂ ਉਸ ਦੇ ਔਗੁਣਾਂ ਨੂੰ ਦੂਰ ਕਰਦਿਆਂ ਪੰਥਕ ਪਰਿਵਾਰ ਦਾ ਮੁੜ ਹਿੱਸਾ ਬਣਾ ਕੇ ਚੜ੍ਹਦੀ ਕਲਾ ਵਾਲਾ ਜੀਵਨ ਪ੍ਰਦਾਨ ਕੀਤਾ ਜਾਂਦਾ ਹੈ। ਇਸ ਪ੍ਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਪੇਸ਼ ਮਾਮਲਿਆਂ ਨੂੰ ਪੰਥਕ ਪਰੰਪਰਾ, ਰਵਾਇਤਾਂ, ਸਿੱਖ ਸਿਧਾਂਤ, ਮਰਯਾਦਾ ਅਤੇ ਗੁਰਮਤਿ ਵਿਚਾਰਧਾਰਾ ਦੀ ਰੌਸ਼ਨੀ ਅਤੇ ਸੰਗਤ ਦੀਆਂ ਭਾਵਨਾਵਾਂ ਦੇ ਮੱਦੇ ਨਜ਼ਰ ਵਿਚਾਰਿਆ ਜਾਣਾ ਬਣਦਾ ਹੈ।

ਸੁਖਬੀਰ ਸਿੰਘ ਬਾਦਲ 'ਤੇ ਨਰਾਇਣ ਸਿੰਘ ਚੌੜਾ ਵੱਲੋਂ ਜਾਨ ਲੇਵਾ ਹਮਲਾ ।

ਅੱਜ ਮਿਤੀ 4 ਦਸੰਬਰ ਨੂੰ ਸਵੇਰ ਦੇ ਵਕਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਪੂਰੀ ਕਰਨ ਖ਼ਾਤਰ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਵਾਲੀ ਡਿਊਟੀ ਦੇ ਬਾਹਰ ਬੈਠ ਕੇ ਸੇਵਾ ਨਿਭਾਅ ਰਹੇ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਨਰਾਇਣ ਸਿੰਘ ਚੌੜਾ ਵੱਲੋਂ ਗੋਲੀ ਚਲਾ ਕੇ ਜਾਨ ਲੇਵਾ ਹਮਲਾ ਕੀਤਾ ਗਿਆ। ਸੁਖਬੀਰ ਬਾਦਲ ਨਾਲ ਤਾਇਨਾਤ ਮੁਲਾਜ਼ਮਾਂ ਦੀ ਮੁਸਤੈਦੀ ਕਾਰਨ ਹਮਲਾਵਰ ਨੂੰ ਪਿਸਟਲ ਕੱਢਦਿਆਂ ਹੀ ਮੌਕੇ 'ਤੇ ਦਬੋਚ ਲਿਆ ਗਿਆ। ਸੇਵਾਦਾਰਾਂ ਨੇ ਮੌਕੇ ਉੱਤੇ ਕਾਬੂ ਕਰ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ।ਬੇਸ਼ੱਕ ਗੋਲੀ ਚਲੀ ਪਰ ਬਾਦਲ ਇਸ ਹਮਲੇ ਤੋ ਵਾਲ ਵਾਲ ਬਚਿਆ।

ਸੁਖਬੀਰ ਸਿੰਘ ਬਾਦਲ ਉੱਥੇ ਕੀ ਕਰ ਰਿਹਾ ਸੀ ? --

ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖ਼ਾਹ ਭਾਵ 'ਧਾਰਮਿਕ ਸਜ਼ਾ ਭੁਗਤ ਰਿਹਾ ਸੀ"

ਦਰਅਸਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਤੋਂ ਸੰਤੁਸ਼ਟ ਕੁਝ ਅਕਾਲੀ ਆਗੂਆਂ ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂ ਮਾਜਰਾ, ਗੁਰ ਪ੍ਰਤਾਪ ਸਿੰਘ ਵਡਾਲਾ, ਰਣਧੀਰ ਸਿੰਘ ਰੱਖੜਾ, ਬੀਬੀ ਜਗੀਰ ਕੌਰ, ਪਰਮਜੀਤ ਕੌਰ ਲਾਂਡਰਾਂ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ ਤੇ ਤੇਜਿੰਦਰ ਸੰਧੂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ ਇਕ ਜੁਲਾਈ 2024 ਨੂੰ ਉਨ੍ਹਾਂ ਦੇ ਖਿਲਾਫ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇੱਕ ਸ਼ਿਕਾਇਤ ਦਿੱਤੀ, ਜਿਸ ਵਿੱਚ ਅਕਾਲੀ ਸਰਕਾਰ ਸਮੇਂ 2007 ਤੋਂ ਲੈ ਕੇ 2017 ਦਰਮਿਆਨ ਹੋਈਆਂ ਗ਼ਲਤੀਆਂ ਦਾ ਬਿਉਰਾ ਦਿੱਤਾ ਗਿਆ। ਜਿਸ ਦਾ ਵੇਰਵਾ ਇਸ ਤਰ੍ਹਾਂ ਹੈ

(1) ਸਲਾਬਤਪੁਰਾ ਵਿਖੇ 2007 ਵਿੱਚ ਸੱਚਾ ਸੌਦਾ ਡੇਰੇ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਰ੍ਹਾਂ ਅੰਮ੍ਰਿਤ ਛਕਾਉਣ ਦੀ ਨਕਲ ਕੀਤੀ ਗਈ ਉਸ ਖਿਲਾਫ ਕੇਸ ਦਰਜ ਹੋਇਆ ਪਰ ਬਾਦਲ ਸਰਕਾਰ ਨੇ ਇਹ ਕੇਸ ਵਾਪਸ ਲੈ ਲਿਆ।

2) ਗੁਰਮੀਤ ਰਾਮ ਰਹੀਮ ਸਿੰਘ ਨੂੰ ਅੰਮ੍ਰਿਤ ਛਕਾਉਣ ਦੀ ਨਕਲ ਕਰਨ ਉੱਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਸ ਸਮੇਤ ਡੇਰਾ ਸੱਚਾ ਸੌਦਾ ਦਾ ਬਾਈਕਾਟ ਕਰਨ ਦਾ ਸਿੱਖਾਂ ਨੂੰ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਉਸ ਹੁਕਮਨਾਮੇ ਨੂੰ ਰੱਦ ਕਰਵਾਉਣ ਲਈ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਤਿੰਨ ਤਖ਼ਤਾਂ ਦੇ ਜਥੇਦਾਰਾਂ ਨੂੰ ਚੰਡੀਗੜ੍ਹ ਵਿਖੇ ਆਪਣੀ ਰਿਹਾਇਸ਼ ਤੇ ਬੁਲਾ ਕੇ ਹੁਕਮਨਾਮੇ ਨੂੰ ਰੱਦ ਕਰਾਉਣ ਤੇ ਡੇਰਾ ਮੁਖੀ ਨੂੰ ਮੁਆਫ਼ੀ ਦੇਣ ਲਈ ਦਬਾਅ ਪਾਇਆ ਗਿਆ। ਇਹ ਬਿਨ ਮੰਗਿਆ ਮੁਆਫ਼ੀ ਦਿੱਤੀ ਗਈ, ਸੰਗਤ ਦੇ ਰੋਸ ਕਾਰਨ ਮੁਆਫ਼ੀ ਰੱਦ ਕੀਤੀ ਗਈ।

(3) ਇੱਕ ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਜ਼ਿਲ੍ਹਾ ਫ਼ਰੀਦਕੋਟ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਹੋਣ ਅਤੇ ਬਾਅਦ ਵਿੱਚ ਉਸ ਦੀ ਬੇਅਦਬੀ ਕੀਤੀ ਗਈ। ਉਸ ਦੇ ਬਾਰੇ ਸਮੇਂ ਸਿਰ ਸਹੀ ਜਾਂਚ ਨਾ ਕਰਵਾ ਸਕਣ ਅਤੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਚ ਸਫਲ ਨਾ ਹੋਣ ਤੋਂ ਇਲਾਵਾ ਕੋਟ ਕਪੂਰਾ ਅਤੇ ਬਹਿਬਲ ਕਲਾਂ ਵਿਖੇ ਉਕਤ ਘਟਨਾਵਾਂ ਨੂੰ ਲੈ ਕੇ ਸ਼ਾਂਤਮਈ ਬੈਠੀਆਂ ਸੰਗਤਾਂ ਉੱਤੇ ਗੋਲੀਆਂ ਚਲਾਉਣ ਦੀ ਵੀ ਸ਼ਿਕਾਇਤ ਕੀਤੀ ਗਈ।

(4) ਇਸ ਤੋਂ ਇਲਾਵਾ ਬਾਦਲ ਸਰਕਾਰ ਸਮੇਂ ਝੂਠੇ ਪੁਲਿਸ ਮੁਕਾਬਲਿਆਂ ਲਈ ਜਾਣੇ ਜਾਂਦੇ ਪੁਲਿਸ ਅਧਿਕਾਰੀ ਸੁਮੇਧ ਸੈਣੀ ਨੂੰ ਪੰਜਾਬ ਦਾ ਪੁਲਿਸ ਮੁਖੀ ਲਾਉਣ ਅਤੇ ਬਦਨਾਮ ਪੁਲਿਸ ਕਰਮੀ ਇਜ਼ਹਾਰ ਆਲਮ ਜਿਸ ਨੇ ਆਲਮ ਸੈਨਾ ਬਣਾਈ ਕੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡਿਆ ਨੂੰ ਅਕਾਲੀ ਦਲ ਵਿੱਚ ਮੀਤ ਪ੍ਰਧਾਨ ਬਣਾਉਣ ਤੋਂ ਇਲਾਵਾ ਉਸ ਦੀ ਪਤਨੀ ਨੂੰ ਪਾਰਟੀ ਟਿਕਟ ਦੇਣ ਅਤੇ ਚੀਫ਼ ਪਾਰਲੀਮੈਂਟ ਸਕੱਤਰ ਬਣਾਉਣ ਦਾ ਵੀ ਦੋਸ਼ ਲਾਇਆ ਗਿਆ।। ਇਸ ਵਿਚ ਰਾਜ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਲਈ ਕਮਿਸ਼ਨ ਬਣਾ ਕੇ ਨਿਰਪੱਖ ਜਾਂਚ ਕਰਾਉਣ ਅਤੇ ਪੀੜਤਾਂ ਨੂੰ ਰਾਹਤ ਦੇਣ ਤੋਂ ਇਨਕਾਰੀ ਹੋਣਾ ਵੀ ਸ਼ਾਮਿਲ ਹੈ ।

15 ਜੁਲਾਈ 2024 ਨੂੰ ਇਸ ਸ਼ਿਕਾਇਤ ਉੱਤੇ ਸੁਣਵਾਈ ਕਰਦਿਆਂ ਪੰਜ ਸਿੰਘ ਸਾਹਿਬਾਨਾਂ ਦੀ ਮੀਟਿੰਗ ਦੌਰਾਨ ਸੁਖਬੀਰ ਬਾਦਲ ਨੂੰ 15 ਦਿਨਾਂ ਦੇ ਅੰਦਰ ਅੰਦਰ ਨਿੱਜੀ ਤੌਰ ਦੇ ਪੇਸ਼ ਹੋ ਕੇ ਲਿਖਤੀ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ।

24 ਜੁਲਾਈ ਨੂੰ ਸੁਖਬੀਰ ਸਿੰਘ ਬਾਦਲ ਨੇ ਲਿਖਤੀ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਚਾਹੇ ਉੱਪਰਲੀਆਂ ਭੁੱਲਾਂ ਪਾਰਟੀ ਵੱਲੋਂ ਹੋਈਆਂ ਹੋਣ ਜਾਂ ਸਰਕਾਰ ਵੱਲੋਂ ਦਾਸ ਉਹਨਾਂ ਸਾਰੀਆਂ ਭੁੱਲਾਂ ਚੁੱਕਾਂ ਨੂੰ ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਆਪਣੀ ਝੋਲੀ ਵਿੱਚ ਪਾਉਂਦਾ ਹੈ ਅਤੇ ਭੁੱਲਾਂ ਚੁੱਕਾਂ ਲਈ ਖਿਮਾ ਦਾ ਜਾਚਕ ਹੈ।

30 ਅਗਸਤ 2024 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨਾਂ ਨੇ ਮੀਟਿੰਗ ਦੌਰਾਨ ਉਪਰੋਕਤ ਸਪਸ਼ਟੀਕਰਨ 'ਤੇ ਵਿਚਾਰ ਕਰਦੇ ਹੋਏ , ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦੇ ਦਿੱਤਾ । ਅਤੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਬਤੌਰ ਡਿਪਟੀ ਸੀਐਮ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਕੁਝ ਅਜਿਹੇ ਫ਼ੈਸਲੇ ਲਏ ਜਿਸ ਨਾਲ ਪੰਥਕ ਸਰੂਪ ਦੇ ਅਕਸ ਨੂੰ ਬਹੁਤ ਭਾਰੀ ਢਾਲ ਲੱਗੀ ਅਤੇ ਅਕਾਲੀ ਦਲ ਦੀ ਹਾਲਾਤ ਬਹੁਤ ਪਤਲੀ ਹੋਈ ਸਿੱਖਾਂ ਦੇ ਹਿੱਤਾਂ ਨੂੰ ਭਾਰੀ ਨੁਕਸਾਨ ਪੁੱਜਾ।

ਸੁਖਬੀਰ ਸਿੰਘ ਬਾਦਲ ਨੇ ਅਗਲੇ ਹੀ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁੱਖ ਪੇਸ਼ ਹੋ ਕੇ ਖਿਮਾ ਯਾਚਨਾ ਕੀਤੀ।

ਲੇਕਿਨ ਮਿਤੀ 13 ਅਕਤੂਬਰ 2024 ਨੂੰ ਸੁਖਬੀਰ ਸਿੰਘ ਬਾਦਲ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇੱਕ ਹੋਰ ਚਿੱਠੀ ਦਿੰਦਿਆਂ ਉਹਨਾਂ ਉੱਤੇ ਲੱਗੇ ਦੋਸ਼ਾਂ ਨੂੰ ਅਕਾਲੀ ਦਲ ਖਿਲਾਫ ਲਗਾਏ ਗਏ ਝੂਠੇ, ਨਿਰਾਧਾਰ ਅਤੇ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ।ਅਤੇ ਪਹਿਲਾਂ ਕੀਤੇ ਕਬੂਲਨਾਮੇ ਤੋਂ ਮੁਨਕਰ ਹੋਇਆ। ਇਸ ਦਿਨ ਉਨ੍ਹਾਂ ਦੀ ਲੱਤ 'ਤੇ ਸੱਟ ਲੱਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਸਿੰਘ ਬਾਦਲ ਨੂੰ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਲਈ ਕਿਹਾ। ਤਨਖ਼ਾਹੀਆ ਹੋਣ ਕਰਕੇ ਤਖ਼ਤ ਸਾਹਿਬ ਨੇ ਸੁਖਬੀਰ ਸਿੰਘ ਬਾਦਲ ਉੱਤੇ ਜ਼ਿਮਨੀ ਚੋਣ ਲੜਨ ਤੇ ਪਾਬੰਦੀ ਲਗਾ ਦਿੱਤੀ, ਪਰ ਅਕਾਲੀ ਦਲ ਨੂੰ ਚੋਣ ਲੜਨ ਤੋਂ ਨਹੀਂ ਰੋਕਿਆ। ਫਿਰ ਵੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਤੋਂ ਬਿਨਾਂ ਚੋਣ ਲੜਨ ਤੋਂ ਇਨਕਾਰੀ ਹੋਇਆ। ਇਸੇ ਦੌਰਾਨ ਪ੍ਰਧਾਨਗੀ ਦੀ ਚੋਣ ਦੇ ਚਲਦਿਆਂ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ, ਪਰ ਪਾਰਟੀ ਵੱਲੋਂ ਨਾ ਮਨਜ਼ੂਰ ਕਰ ਦਿੱਤਾ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਕਤ ਮਾਮਲੇ ਦੀ ਸੁਣਵਾਈ

ਇਸੇ ਦੌਰਾਨ 02 4✥✲ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਕਤ ਮਾਮਲੇ ਦੀ ਸੁਣਵਾਈ ਕੀਤੀ ਗਈ।ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਬਾਦਲ ਅਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੂੰ ਸਵਾਲ ਕੀਤੇ ਗਏ।ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਹ ਬੜੀ ਸ਼ਰਮ ਵਾਲੀ ਗੱਲ ਹੈ ਕਿ ਅੱਜ ਪੰਜਾਬ ਦੀ ਪੰਥਕ ਪਾਰਟੀ, ਜਿਸ ਨੇ ਸਿੱਖਾਂ ਦੇ ਹਿੱਤਾਂ ਦੇ ਰਾਖੀ ਕਰਨੀ ਸੀ, ਸਿੱਖਾਂ ਦੀ ਗੱਲ ਕਰਨੀ ਸੀ, ਆਪਣੇ ਅਸਲ ਮੁੱਦਿਆਂ ਤੋਂ ਪਾਸੇ ਹੋ ਕੇ ਕੇਵਲ ਰਾਜਸੀ ਸੱਤਾ ਦਾ ਸੁਖ ਮਾਣਦਿਆਂ ਹੋਇਆ ਆਪਣੇ ਪੰਥਕ ਹਿੱਤਾਂ ਨੂੰ ਭੁਲਾ ਕੇ, ਪੰਥ ਵਿਰੋਧੀ ਕਾਰਜ ਕਰਕੇ ਅੱਜ ਉਹ ਪੰਥ ਦੇ ਸਨਮੁਖ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਤਿਗੁਰਾਂ ਦੇ ਹਜ਼ੂਰੀ ਵਿੱਚ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਖੜੇ ਹਨ। ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਸਵਾਲ ਕੀਤਾ ਕਿ,

(1) ਤੁਸੀਂ ਅਕਾਲੀ ਸਰਕਾਰ ਤੇ ਰਹਿੰਦਿਆਂ ਪੰਥਕ ਮੁੱਦਿਆਂ, ਜਿਨ੍ਹਾਂ ਕਾਰਨ ਹਜ਼ਾਰਾਂ ਸ਼ਹੀਦੀਆਂ ਹੋਈਆਂ, ਉਹਨਾਂ ਨੂੰ ਵਿਸਾਰਨ ਦਾ ਤੁਸੀਂ ਇਹ ਗੁਨਾਹ ਕੀਤਾ ਹੈ ਕਿ ਨਹੀਂ ਜਵਾਬ ਦੇਣਾ।(ਇਹ ਸਵਾਲ ਪੰਜਾਬ ਦੇ ਕਾਲੇ ਦੌਰ 'ਚ ਮਾਰੇ ਗਏ ਸਿੱਖ ਨੌਜਵਾਨਾਂ ਬਾਰੇ ਸੀ।) – ਸੁਖਬੀਰ ਸਿੰਘ ਬਾਦਲ ਨੇ "ਹਾਂ ਜੀ" ਵਿਚ ਜਵਾਬ ਦਿੱਤਾ।

(2) ਦੂਜਾ ਸਵਾਲ – ਬੇਗੁਨਾਹ ਸਿੱਖਾਂ ਦਾ ਕੋਹ ਕੋਹ ਕੇ ਕਤਲ ਕਰਨ ਵਾਲੇ ਪੁਲੀਸ ਅਧਿਕਾਰੀਆਂ( ਡੀ ਜੀ ਪੀ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ) ਨੂੰ ਤਰੱਕੀਆਂ ਦਿੱਤੀਆਂ ਅਤੇ ਟਿਕਟਾਂ ਦਿੱਤੀਆਂ – ਜਵਾਬ- ਹਾਂ ਜੀ।

(3) ਤੁਹਾਡੀ ਸਰਕਾਰ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਜਿਹੜੇ ਸਨ (ਬੁਰਜ ਜਵਾਹਰ ਸਿੰਘ ਵਾਲਾ ਤੋਂ) ਉਹ ਚੋਰੀ ਹੋਏ ਕੰਧਾਂ ਦੇ ਉੱਤੇ ਪੋਸਟਰ ਲਾਏ ਗਏ, ਵੰਗਾਰਿਆ ਗਿਆ ਸਿੱਖਾਂ ਨੂੰ, ਗੰਦੀਆਂ ਗਾਲ੍ਹਾਂ ਉਹਨਾਂ ਪੋਸਟਾਂ 'ਤੇ ਲਿਖੀਆਂ ਗਈਆਂ। ਤੁਸੀਂ ਉਹਨਾਂ ਚੋਰੀ ਕਰਨ ਵਾਲਿਆਂ ਨੂੰ ਲੱਭਣ ਵਿੱਚ ਨਾਕਾਮ ਰਹੇ ਜਾਂ ਤੁਸੀਂ ਲੱਭਿਆ ਨਹੀਂ। ਉਸ ਤੋਂ ਬਾਅਦ ਗੁਰੂ ਸਾਹਿਬ ਦੇ ਪਾਵਨ ਸਰੂਪਾਂ ਦੇ ਅੰਗ ਪਾੜ ਕੇ ਤੇ (ਬਰਗਾੜੀ) ਗਲੀਆਂ ਦੇ ਵਿੱਚ ਖਿਲਾਰੇ ਗਏ ਔਰ ਤੁਸੀਂ ਉਹਨਾਂ ਦੁਸ਼ਟਾਂ ਦੀ ਪੁਸ਼ਤਪਨਾਹੀ ਕੀਤੀ ਔਰ ਉਸ ਤੋਂ ਬਾਅਦ ਜਿਹੜਾ ਬਿਹਬਲ ਕਲਾਂ ਜਾਂ ਕੋਟਕਪੂਰਾ ਵਿਚ ਆਪ ਮੁਹਾਰੇ ਇਕੱਠੀਆਂ ਹੋ ਕੇ ਬੈਠੀਆਂ ਸੰਗਤਾਂ 'ਤੇ ਉੱਥੇ ਦੋ ਸਿੰਘ ਤੁਸੀਂ ਗੋਲੀਆਂ ਮਾਰ ਕੇ ਭੁੰਨੇ , ਇਹ ਤੁਹਾਡੀ ਸਰਕਾਰ ਵੇਲੇ ਹੋਇਆ, ਇਹ ਤੁਸੀਂ ਮੰਨਦੇ ਹੋ ਕਿ ਨਹੀਂ ? ਜਵਾਬ- ਹੋਇਆ ਜੀ

(4) ਜਿਹੜੇ ਤੁਸੀਂ ਸ਼੍ਰੋਮਣੀ ਕਮੇਟੀ ਨੂੰ ਕਹਿ ਕੇ ਤੇ ਸੌਦਾ ਸਾਧ ਦੀ ਮਾਫ਼ੀ ਬਾਰੇ ਜਿਹੜਾ ਫ਼ੈਸਲਾ ਸੀ ਉਹਨੂੰ ਸਹੀ ਠਹਿਰਾਉਣ ਵਾਸਤੇ ਜਿਹੜੇ (ਸ਼੍ਰੋਮਣੀ ਕਮੇਟੀ ਵੱਲੋਂ ) ਅਖ਼ਬਾਰਾਂ ਨੂੰ ਇਸ਼ਿਤਹਾਰ ਦਿੱਤੇ ਗਏ, ਇਹ ਗੁਰੂ ਕੇ ਗੋਲਕ ਦੇ ਪੈਸੇ ਦੀ ਦੁਰਵਰਤੋਂ ਕੀਤੀ ਗਈ, ਇਹ ਤੁਸੀਂ ਗੁਨਾਹ ਕੀਤਾ ਕਿ ਨਹੀਂ ਕੀਤਾ। ਜਵਾਬ – ਹਾਂ ਜੀ

(5) ਡੇਰਾ ਸਿਰਸਾ ਮੁਖੀ ਨੂੰ ਮਾਫ਼ੀ ਦਿਵਾਉਣ ਲਈ ਜਥੇਦਾਰਾਂ ਨੂੰ ਚੰਡੀਗੜ੍ਹ ਕੋਠੀ ਵਿੱਚ ਸੱਦਿਆ ਤੇ ਬਿਨਾ ਮੰਗਿਆਂ ਮਾਫ਼ੀ ਦੇਣ ਲਈ ਦਬਾਅ ਬਣਾਇਆ। -ਜਵਾਬ- ਹਾਂ ਜੀ

(6) ਸੁਖਬੀਰ ਸਿੰਘ ਬਾਦਲ ਨੇ ਇਹ ਵੀ ਮੰਨਿਆ ਸੀ ਕਿ 2007 'ਚ ਸਲਾਬਤਪੁਰਾ 'ਚ ਸੱਚਾ ਸੌਦਾ ਡੇਰੇ ਮੁਖੀ ਗੁਰਮੀਤ ਰਾਮ ਰਹੀਮ ਨੇ ਜੋ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਰੰਪਰਾ ਦੀ ਨਕਲ ਕਰਦਿਆਂ ਉਨ੍ਹਾਂ ਵਾਂਗ ਹੀ ਕੱਪੜੇ ਪਾ ਕੇ ਅੰਮ੍ਰਿਤ ਛਕਾਉਣ ਦਾ ਸਵਾਂਗ ਰਚਿਆ ਸੀ। ਉਸ ਸਮੇਂ ਇਸ ਦੇ ਖ਼ਿਲਾਫ਼ ਪੁਲਿਸ ਕੇਸ ਵੀ ਦਰਜ ਕੀਤਾ ਗਿਆ ਸੀ, ਪਰ ਬਾਅਦ 'ਚ ਅਕਾਲੀ ਸਰਕਾਰ ਨੇ ਸਜ਼ਾ ਦੇਣ ਦੀ ਬਜਾਏ ਕੇਸ ਵਾਪਸ ਲੈ ਲਿਆ।

ਇਸ ਮੌਕੇ ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ, ਬਲਵਿੰਦਰ ਸਿੰਘ ਭੂੰਦੜ , ਜਨਮੇਜਾ ਸਿੰਘ ਸੇਖੋਂ, ਹੀਰਾ ਸਿੰਘ ਗਾਬੜੀਆ ਅਤੇ ਗੁਲਜ਼ਾਰ ਸਿੰਘ ਰਣੀਕੇ ਤੋਂ ਵੀ ਸਵਾਲ ਪੁੱਛੇ ਗਏ ਤਾਂ ਉਨ੍ਹਾਂ ਨੇ ਉਕਤ ਗ਼ਲਤੀਆਂ 'ਚ ਭਾਗੀਦਾਰ ਹੋਣਾ ਮੰਨਿਆ।

ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਲੱਤ 'ਤੇ ਪਲਾਸਟਰ ਹੋਣ ਕਾਰਨ ਅਤੇ ਸੁਖਦੇਵ ਸਿੰਘ ਢੀਂਡਸਾ,ਨੂੰ ਉਹਨਾਂ ਦੀ ਸਿਹਤ ਦੇ ਕਾਰਨ ਉਨ੍ਹਾਂ ਨੂੰ ਬਰਸ਼ਾ ਲੈ ਕੇ ਵ੍ਹੀਲ ਚੇਅਰ 'ਤੇ ਬੈਠ ਕੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗੇਟ 'ਤੇ ਇਕ ਘੰਟੇ ਦੀ ਸੇਵਾ ਤੇ ਫਿਰ ਲੰਗਰ ਦੇ ਬਰਤਨ ਧੋਣ ਦੀ ਸੇਵਾ ਦਿੱਤੀ ਗਈ ਹੈ। ਬਾਕੀਆਂ ਨੂੰ ਅਤੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਬਿਕਰਮਜੀਤ ਸਿੰਘ ਮਜੀਠੀਆ, ਸੋਹਣ ਸਿੰਘ ਠੰਡਲ, ਮਹੇਸ਼ ਇੰਦਰ ਸਿੰਘ ਗਰੇਵਾਲ, ਚਰਨਜੀਤ ਸਿੰਘ ਅਟਵਾਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸ਼ਰਨਜੀਤ ਸਿੰਘ, ਜਨਮੇਜਾ ਸਿੰਘ ਅਤੇ ਹੋਰ ਆਗੂ ਭਲਕੇ ਤਿੰਨ ਦਸੰਬਰ ਨੂੰ ਇਕ ਘੰਟਾ ਸ੍ਰੀ ਹਰਿਮੰਦਰ ਸਾਹਿਬ ਦੇ ਵਾਸ਼ਰੂਮਾਂ ਦੀ ਸਫ਼ਾਈ ਅਤੇ ਲੰਗਰ ਦੀ ਸੇਵਾ ਕਰਨ। ਇਸ ਤੋਂ ਬਾਅਦ ਉਹ ਅਗਲੇ ਪੰਜ ਦਿਨ ਆਪੋ-ਆਪਣੇ ਨਗਰਾਂ ਦੇ ਗੁਰਦੁਆਰਿਆਂ ਵਿੱਚ ਇਕ-ਇਕ ਘੰਟਾ ਸੰਗਤ ਦੇ ਜੋੜੇ ਝਾੜਨ, ਝਾੜੂ ਮਾਰਨ, ਪੋਚਾ ਮਾਰਨ, ਕੀਰਤਨ ਸੁਣਨ ਤੇ ਹੋਰ ਸੇਵਾਵਾਂ ਕਰਨ ਦਾ ਆਦੇਸ਼ ਦਿੱਤਾ। ਸੇਵਾ ਦੌਰਾਨ ਇਹ ਸਾਰੇ ਆਪਣੇ ਗਲ ਵਿੱਚ ਤਖ਼ਤੀਆਂ ਪਾ ਕੇ ਰੱਖਣਗੇ। ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਸ਼ਲੋਕ "ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ।। ਹਮ ਅਪਰਾਧੀ ਤੁਰ ਬਖਸਾਤੇ।। ਜਿਸੁ ਪਾਪੀ ਕਉ ਮਿਲੈ ਨ ਢੋਈ।। ਸ਼ਰਣਿ ਆਵੈ ਤਾਂ ਨਿਰਮਲੁ ਹੋਈ।।" ਵਾਲੀਆਂ ਤਖ਼ਤੀਆਂ ਹੋਣਗੀਆਂ।

ਇਸ ਤੋਂ ਇਲਾਵਾ ਡੇਰਾ ਮੁਖੀ ਨੂੰ ਮਾਫ਼ੀ ਦੇਣ ਦੇ ਇਸ਼ਿਤਹਾਰ ਦਾ ਵਿਰੋਧ ਨਾ ਕਰਨ ਲਈ ♥7♦3 ਦੀ ਅੰਤ੍ਰਿਮ ਕਮੇਟੀ ਦੇ ਮੈਂਬਰਾਂ ਨੂੰ 500 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਨ ਲਈ ਕਿਹਾ ਗਿਆ।

ਡੇਰਾ ਮੁਖੀ ਨੂੰ ਮਾਫ਼ੀ ਮੰਗਵਾਉਣ 'ਤੇ ਸਿੰਘ ਸਾਹਿਬਾਨ ਨੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮਰਨ ਉਪਰੰਤ ਫ਼ਖ਼ਰ-ਏ-ਕੌਮ ਦਾ ਖ਼ਿਤਾਬ ਵਾਪਸ ਲੈਣ ਦਾ ਐਲਾਨ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਡੇਰਾ ਮੁਖੀ ਦੀ ਮਾਫ਼ੀ ਲਈ ਦਿੱਤੇ ਇਸ਼ਿਤਹਾਰ ਦੀ ਰਾਸ਼ੀ ਵਿਆਜ ਸਮੇਤ ਖਾਤਾ ਸ਼ਾਖਾ 'ਚ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

ਸੁਖਬੀਰ ਸਿੰਘ ਬਾਦਲ ਸਮੇਤ ਜਿਨ੍ਹਾਂ ਨੇ ਅਸਤੀਫ਼ੇ ਦਿੱਤੇ ਹਨ, ਸਭ ਦਾ ਅਸਤੀਫ਼ਾ ਪ੍ਰਵਾਨ ਕਰਨ ਦੇ ਆਦੇਸ਼ ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਤਨਖ਼ਾਹੀਆ ਕਰਾਰ ਦਿੱਤਾ ਗਿਆ।

ਵਿਰਸਾ ਸਿੰਘ ਵਲਟੋਹਾ ਅਤੇ ਇਕ ਫੈਡਰੇਸ਼ਨ ਆਗੂ ਹੁਣ ਅਕਾਲੀ ਮੈਂਬਰ ਸ਼੍ਰੋਮਣੀ ਕਮੇਟੀ ਗੁਰਚਰਨ ਸਿੰਘ ਗਰੇਵਾਲ) ਨੂੰ ਮੁੜ ਤਾੜਨਾ ਕਰਦਿਆਂ ਕਿਹਾ ਕਿ ਉਹ ਸੋਚ ਸਮਝ ਕੇ ਬਿਆਨਬਾਜ਼ੀ ਕਰਨ।

ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਸਹੂਲਤਾਂ ਮੰਗਲਵਾਰ 12 ਵਜੇ ਤਕ ਵਾਪਸ ਲੈਣ ਦੇ ਆਦੇਸ਼ ਜਾਰੀ ਕੀਤੇ ਗਏ ਹਨ।

ਗਿਆਨੀ ਗੁਰਮੁਖ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਤੋਂ ਹਟਾਉਣ ਤੇ ਅੰਮ੍ਰਿਤਸਰ ਤੋਂ ਬਾਹਰ ਡਿਊਟੀ ਲਾਉਣ ਦੇ ਆਦੇਸ਼ ਦਿੱਤੇ।

ਇਨ੍ਹਾਂ ਦੋਵਾਂ ਸਾਬਕਾ ਜਥੇਦਾਰ ਵੱਲੋਂ ਦਿੱਤਾ ਸਪਸ਼ਟੀਕਰਨ ਵੀ ਪ੍ਰਵਾਨ ਨਹੀਂ ਕੀਤਾ ਗਿਆ ਤੇ ਇਨ੍ਹਾਂ ਉੱਪਰ ਧਾਰਮਿਕ ਸਮਾਗਮਾਂ 'ਚ ਬੋਲਣ 'ਤੇ ਰੋਕ ਲਗਾਈ ਗਈ ਹੈ।

ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਤਨਖ਼ਾਹ ਪੂਰੀ ਕਰ ਰਿਹਾ ਹੋਣ ਕਰਕੇ ਉਸ ਵਕਤ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਸੀ। ਇਸ ਲਈ ਉਸ 'ਤੇ ਕੀਤਾ ਗਿਆ ਹਮਲਾ ਇਕ ਤਰਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸਾਹਿਬ ਦੇ ਫ਼ੈਸਲੇ 'ਤੇ ਹਮਲਾ ਹੈ। ਸਿੱਖ ਪਰੰਪਰਾ ਅਨੁਸਾਰ ਪੰਜ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਵੱਲੋਂ ਕੀਤੇ ਗਏ ਗੁਨਾਹਾਂ ਲਈ ਤਨਖ਼ਾਹ ਲਗਾ ਦਿੱਤੀ ਸੀ ਤਾਂ ਕਿਸੇ ਵੀ ਸਿੱਖ ਮਾਈ ਭਾਈ ਨੂੰ ਸੁਖਬੀਰ ਸਿੰਘ ਬਾਦਲ ਨੂੰ ਨੁਕਸਾਨ ਪਹੁੰਚਾਉਣ ਕੋਈ ਹੱਕ ਨਹੀਂ ਹੈ। ਅਜਿਹਾ ਕਰਨ ਵਾਲਾ ਗੁਰੂ ਦਾ ਸੱਚਾ ਸਿੱਖ ਹੋ ਹੀ ਨਹੀਂ ਸਕਦਾ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀ ਸਿਰਮੌਰ ਅਦਾਲਤ ਹੈ। ਇੱਥੋਂ ਦਿੱਤੇ ਗਏ ਹੁਕਮਾਂ ਨੂੰ ਮੰਨਣਾ ਹਰ ਗੁਰਸਿੱਖ ਲਈ ਲਾਜ਼ਮੀ ਹੈ। ਕੋਈ ਉਕਤ ਆਦੇਸ਼ ਨਾਲ ਅਸਹਿਮਤੀ ਹੈ ਤਾਂ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਹੁੰਚ ਤੇ ਅਪੀਲ ਕੀਤੀ ਜਾ ਸਕਦੀ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹਮਲਾਵਰ ਵਿਰੁੱਧ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲੱਗੀ ਤਨਖ਼ਾਹ ਪੂਰੀ ਕਰਨ ਖ਼ਾਤਰ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਵਾਲੀ ਡਿਊਟੀ ਦੇ ਬਾਹਰ ਬੈਠ ਕੇ ਸੇਵਾ ਨਿਭਾਅ ਰਹੇ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਕੇ ਹਮਲਾਵਰ ਨੇ ਸਿੱਖ ਪੰਥ ਦੀ ਆਨ ਤੇ ਸ਼ਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਟਿੱਚ ਜਾਣਿਆ ਅਤੇ ਸਿੱਖਾਂ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ,

ਭਾਵੇਂ ਕਿ ਗੋਲੀ ਚਲਾਉਣ ਵਾਲਾ ਹਮਲਾਵਰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ, ਫਿਰ ਵੀ ਇਸ ਹਮਲੇ ਪਿੱਛੇ ਪੰਜਾਬ ਦੀ ਅਮਨ ਸ਼ਾਂਤੀ ਨੂੰ ਲਾਂਬੂ ਲਾਉਣ ਦੀ ਗਹਿਰੀ ਸਾਜ਼ਿਸ਼ ਕਰਨ ਵਾਲਿਆਂ ਦਾ ਪਤਾ ਲਗਾਇਆ ਜਾਣਾ ਚਾਹੀਦਾ ਹੈ।ਹਮਲਾ ਸਰਕਾਰ ਦੀ ਅਣਗਹਿਲੀ ਦਾ ਵੀ ਨਤੀਜਾ ਹੈ, ਮੁੱਖ ਮੰਤਰੀ ਨੂੰ ਇਸ ਬਾਰੇ ਆਪਣੀ ਜ਼ਿੰਮੇਵਾਰੀ ਕਬੂਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਪੰਜਾਬ ਦੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਇਹ ਵੱਡੀ ਸਾਜ਼ਿਸ਼ ਰਚੀ ਗਈ ਹੈ। ਜਿਸ ਤੋਂ ਸਿੱਖ ਸੰਗਤ ਅਤੇ ਸਮੂਹ ਪੰਜਾਬੀਆਂ ਸੁਚੇਤ ਰਹਿਣ ਦੀ ਲੋੜ ਹੈ। ●●